


VOICE OF THE PUNJABI COMMUNITY

DESH PARDES TIMES

# ਦੇਸ ਪ੍ਰਦੇਸ ਟਾਈਮਜ਼

Vancouver-Winnipeg-Edmonton-Calgary

ਸੰਪਾਦਕ- ਸੁਖਵਿੰਦਰ ਸਿੰਘ ਚੋਹਲਾ, Sukhwinder Singh Chohla (Editor) Gurbhalinder Singh Sandhu, Editor (Hon.)





VOL-22 ISSUE : 25 MARCH, 2023 PHONE : 778-772-1994, Email : sschohla@gmail.com, desvancouver@gmail.com www.deshpardes.ca

# ਗੈਰ ਕਨੂੰਨੀ ਪ੍ਰਵਾਸੀਆਂ ਨੂੰ ਵਾਪਸ ਮੋੜਨ ਵਾਲਾ ਕੈਨੇਡਾ-ਅਮਰੀਕਾ ਸਰਹੱਦੀ ਸਮਝੌਤਾ ਲਾਗੂ



ਓਟਵਾ-ਸੋਧਿਆ ਹੋਇਆ ਕੈਨੇਡਾ-ਅਮਰੀਕਾ ਸੇਫ ਥਰਡ ਕੰਟਰੀ ਸਮਝੌਤਾ ਸ਼ੁੱਕਰਵਾਰ ਅੱਧੀ ਰਾਤ ਤੋਂ ਲਾਗੂ ਹੋ ਗਿਆ ਹੈ ਜਿਸ ਦਾ ਮਤਲਬ ਓਟਵਾ ਵਿਚ ਸਮਝੌਤੇ ਬਾਰੇ ਪ੍ਰਧਾਨ ਮੰਤਰੀ ਤੇ ਰਾਸ਼ਟਰਪਤੀ ਬਾਇਡਨ ਵਲੋਂ ਐਲਾਨ ਕਰਨ ਦੇ ਕੁਝ ਘੰਟਿਆਂ ਦੇ ਅੰਦਰ ਅੰਦਰ ਦਾਖਲ ਹੋਣ ਦੀਆਂ ਗੈਰਅਧਿਕਾਰਤ ਥਾਵਾਂ ਤੋਂ ਸਰਹੱਦ ਪਾਰ ਕਰਨ ਵਾਲੇ ਪ੍ਰਵਾਸੀਆਂ ਨੂੰ ਵਾਪਸ ਮੋੜਿਆ ਜਾ ਸਕਦਾ ਹੈ। ਯੋਜਨਾ ਦੀ ਜਾਣਕਾਰੀ ਰੱਖਣ ਵਾਲੇ ਇਕ ਸੂਤਰ ਨੇ ਮੀਡੀਆ ਨੂੰ ਜਸਟਿਨ ਟਰੂਡੋ ਤੇ ਜੋਏ ਬਾਇਡੇਨ ਵਲੋਂ ਰਸਮੀ ਐਲਾਨ ਕਰਨ ਤੋਂ ਪਹਿਲਾਂ ਇਸ ਨੂੰ ਲਾਗੂ ਕਰਨ ਦੇ ਵੇਰਵਿਆਂ ਦੀ ਜਾਣਕਾਰੀ ਦਿੱਤੀ ਹੈ। ਰਾਸ਼ਟਰਪਤੀ ਬਣਨ ਪਿੱਛੋਂ ਆਪਣੀ ਪਹਿਲੀ ਸਰਕਾਰੀ ਯਾਤਰਾ ਲਈ ਬਾਇਡੇਨ ਓਟਵਾ ਪਹੁੰਚ ਗਏ ਹਨ। ਦੋਵੇਂ ਨੇਤਾ ਆਪਣੀ ਗੱਲਬਾਤ ਆਰਥਿਕਤਾ, ਪੌਣਪਾਣੀ ਵਿਚ ਤਬਦੀਲੀ ਅਤੇ ਸਾਫ ਸੁਥਰੀ ਊਰਜਾ ਟਰਾਂਜ਼ੀਸ਼ਨ ਨੂੰ ਉਤਸ਼ਾਹਿਤ ਕਰਨ ਦੀਆਂ ਨੀਤੀਆਂ 'ਤੇ ਕੇਂਦਰਿਤ ਕਰਨਾ ਚਾਹੁੰਦੇ ਹਨ ਪਰ ਬੀਜਿੰਗ ਦੇ ਚੋਣਾਂ ਵਿਚ ਦਖਲ ਅਤੇ ਪੱਛਮੀ ਦੇਸ਼ਾਂ (ਬਾਕੀ ਸਫ਼ਾ 9 'ਤੇ)

# ਐਨ.ਡੀ.ਪੀ. ਵਲੋਂ ਲਿਬਰਲ ਸਰਕਾਰ ਦੀ ਹਮਾਇਤ ਬਜਟ ਉਮੀਦਾਂ ਤੇ ਨਿਰਭਰ-ਜਗਮੀਤ ਸਿੰਘ ਫਾਰਮਕੇਅਰ ਨੂੰ ਲੈ ਕੇ ਨਿਰਾਸ਼



ਓਟਵਾ-ਲਿਬਰਲ ਅਤੇ ਐਨ ਡੀ ਪੀ ਇਸ ਮਹੀਨੇ ਦੇ ਅਖੀਰ ਵਿਚ ਪੇਸ਼ ਕੀਤੇ ਜਾਣ ਵਾਲੇ 2023 ਬਜਟ ਤੋਂ ਪਹਿਲਾਂ ਕੌਮੀ ਫਾਰਮਕੇਅਰ ਦੀਆਂ ਆਸਾਂ ਨੂੰ ਘੱਟ ਕਰਦੇ ਹੋਏ ਡੈਂਟਲ ਕੇਅਰ (ਦੰਦਾਂ ਦੀ ਦੇਖਭਾਲ) ਦੇ ਵਿਸਤਾਰ ਅਤੇ ਰਹਿਣ ਸਹਿਣ ਦੇ ਖਰਚ ਵਿਚ ਮਦਦ 'ਤੇ ਜ਼ੋਰ ਦੇ ਰਹੇ ਹਨ। 23 ਮਾਰਚ ਦਾ ਬਜਟ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਅਤੇ ਐਨਡੀਪੀ ਨੇਤਾ ਜਗਮੀਤ ਸਿੰਘ ਵਿਚਕਾਰ ਇਕ ਸਾਲ ਪਹਿਲਾਂ ਹੋਏ ਸਮਝੌਤੇ 'ਤੇ ਪ੍ਰਗਤੀ ਲਈ ਮੁੱਖ ਚਿੰਨ ਹੋਵੇਗਾ। ਸਪਲਾਈ ਐਂਡ ਕਾਨਫੀਡੈਂਸ ਸਮਝੌਤੇ ਵਿਚ ਨੀਤੀਗਤ ਰਿਆਇਤਾਂ ਬਦਲੇ ਐਨਡੀਪੀ ਨੇ 2025 ਤਕ ਘੱਟਗਿਣਤੀ ਲਿਬਰਲ ਸਰਕਾਰ ਨੂੰ ਸੱਤਾ ਵਿਚ ਬਣਾਈ ਰੱਖਣ ਲਈ ਸਮਰਥਨ ਦਿੱਤਾ ਹੋਇਆ ਹੈ। ਸਮਝੌਤੇ ਤਹਿਤ ਜਗਮੀਤ ਸਿੰਘ ਨੇ ਲਿਬਰਲਜ਼ ਤੋਂ ਘੱਟ ਆਮਦਨ ਵਾਲੇ ਲੋਕਾਂ ਲਈ ਡੈਂਟਲ ਕੇਅਰ ਪ੍ਰੋਗਰਾਮ ਅਤੇ ਡਾਕਟਰਾਂ ਵਲੋਂ ਲਿਖੀਆਂ (ਬਾਕੀ ਸਫ਼ਾ 9 'ਤੇ)




# ਸਰੀ ਵਿਚ ਭਾਰੀ ਰੋਸ ਪ੍ਰਦਰਸ਼ਨ ਕਾਰਣ ਭਾਰਤੀ ਹਾਈ ਕਮਿਸ਼ਨਰ ਦਾ ਸਮਾਗਮ ਰੱਦ ਕਰਨਾ ਪਿਆ

## ਮਹਿਮਾਨਾਂ ਨਾਲ ਦੁਰਵਿਹਾਰ-ਇਕ ਰੇਡੀਓ ਹੋਸਟ ਵੀ ਨਿਸ਼ਾਨਾ ਬਣਿਆ

ਸਰੀ (ਸੰਦੀਪ ਸਿੰਘ ਧੰਜੂ, ਦੇ.ਪ੍ਰ-ਬਿ.)-ਪੰਜਾਬ ਵਿਚ ਵਾਰਿਸ ਪੰਜਾਬ ਦੇ ਜਥੇਬੰਦੀ ਦੇ ਮੁਖੀ ਭਾਈ ਅੰਮ੍ਰਿਤਪਾਲ ਸਿੰਘ ਅਤੇ ਹੋਰ ਸਿੱਖ ਨੌਜਵਾਨਾਂ ਦੀ ਫੜੋ ਫੜੀ ਤੇ ਪੁਲਿਸ ਕਾਰਵਾਈ ਦੇ ਵਿਰੁੱਧ ਕੈਨੇਡਾ ਵਿਚ ਵੱਖ -ਵੱਖ ਸਿੱਖ ਸੰਸਥਾਵਾਂ ਦੀ ਅਗਵਾਈ ਹੇਠ ਭਾਰੀ ਰੋਸ ਪ੍ਰਦਰਸ਼ਨ ਕੀਤੇ ਜਾਣ ਦੀਆਂ ਖਬਰਾਂ ਹਨ। ਇਸੇ ਦੌਰਾਨ ਪੰਜਾਬੀਆਂ ਦੀ ਭਰਵੀਂ ਵਸੋਂ ਵਾਲੇ ਸ਼ਹਿਰ ਸਰੀ ਵਿੱਚ ਖਾਲਿਸਤਾਨ ਸਮਰਥਕ ਸਿੱਖ ਜਥੇਬੰਦੀਆਂ ਵਲੋਂ ਕੈਨੇਡਾ ਵਿੱਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਦੀ ਸਰੀ ਫੇਰੀ ਮੌਕੇ ਭਾਰੀ ਰੋਸ ਪ੍ਰਦਰਸ਼ਨ ਕਰਦਿਆਂ ਉਹਨਾਂ ਨੂੰ ਸਮਾਗਮ ਵਾਲੀ ਥਾਂ ਉਪਰ ਨਾ ਪੁੱਜਣ ਦਿੱਤਾ ਗਿਆ। ਹੋਰ ਜਾਣਕਾਰੀ ਮੁਤਾਬਿਕ ਸਰੀ ਵਿਚ ਕੈਨੇਡਾ ਇੰਡੀਆ ਫਰੈਂਡਸ਼ਿਪ ਗਰੁੱਪ ਵਲੋਂ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਦੇ ਮਾਣ ਵਿਚ ਸਰੀ ਦੀ 132 ਸਟਰੀਟ ਤੇ 84 ਐਵਨਿਊ ਨੇੜੇ ਸਥਿਤ ਇਕ ਕਨਵੈਨਸ਼ਨ ਸੈਂਟਰ ਵਿਖੇ ਇਕ ਡਿਨਰ ਪਾਰਟੀ ਦਾ ਪ੍ਰੋਗਰਾਮ ਰੱਖਿਆ ਗਿਆ ਸੀ। ਪ੍ਰਬੰਧਕਾਂ ਵਲੋਂ ਸ਼ਹਿਰ ਦੀਆਂ ਪ੍ਰਮੁੱਖ ਹਸਤੀਆਂ ਸਮੇਤ 200 ਦੇ ਕਰੀਬ ਲੋਕਾਂ ਨੂੰ ਬਾਕਾਇਦਾ ਸੱਦਾ ਪੱਤਰ ਭੇਜੇ ਗਏ ਸਨ। ਪਰ ਇਸ ਦੌਰਾਨ ਸਥਾਨਕ ਸਿੱਖ ਜਥੇਬੰਦੀਆਂ ਵਲੋਂ ਪੰਜਾਬ ਵਿਚ ਭਾਈ ਅੰਮ੍ਰਿਤਪਾਲ ਸਿੰਘ ਅਤੇ ਉਹਨਾਂ ਦੇ ਸਾਥੀਆਂ ਖਿਲਾਫ ਕੀਤੀ ਗਈ ਪੁਲਿਸ ਕਾਰਵਾਈ ਦੇ ਖਿਲਾਫ ਭਾਰੀ ਰੋਸ ਪ੍ਰਗਟਾਵਾ ਕਰਦਿਆਂ ਸਮਾਗਮ ਵਾਲੀ ਥਾਂ ਨੂੰ ਘੇਰ ਲਿਆ ਗਿਆ ਜਿਸ ਕਾਰਣ ਭਾਰਤੀ ਹਾਈ ਕਮਿਸ਼ਨਰ ਨੂੰ ਆਪਣਾ ਪ੍ਰੋਗਰਾਮ ਰੱਦ ਕਰਨ ਲਈ ਮਜਬੂਰ ਹੋਣਾ ਪਿਆ। ਸਿੱਖ ਕਾਰਕੁੰਨਾਂ ਵਲੋਂ ਹਾਈ ਕਮਿਸ਼ਨਰ ਦੇ ਪੁੱਜਣ ਤੋ ਪਹਿਲਾਂ ਹੀ ਕਨਵੈਨਸ਼ਨ ਸੈਂਟਰ ਦਾ ਮੁੱਖ ਗੇਟ ਬੰਦ ਕਰਕੇ ਉਥੇ ਸਟੇਜ ਲਗਾ ਦਿੱਤੀ ਗਈ ਤੇ ਅੰਮ੍ਰਿਤਪਾਲ ਸਿੰਘ ਤੇ ਉਹਨਾਂ ਦੇ ਸਾਥੀਆਂ ਖਿਲਾਫ ਕਾਰਵਾਈ ਦੀ ਨਿੰਦਾ ਕਰਦਿਆਂ (ਬਾਕੀ ਸਫ਼ਾ 11 'ਤੇ)












ACCOST
Insurance & Financial Centre Inc.
Honest•Reliable•Friendly



Wawanesa Insurance
ICBC
ਸੁਪਰ ਵੀਜ਼ਾ ਸਪੈਸ਼ਲ ਰੇਟ
ਟਰੱਕ ਫਲੀਟ ਪ੍ਰੋਰੇਟ

Car/Truck / Homeowners / Business / Financing / Fleet /Prorate
Cargo / Life Insurance / Condo / Tenants / Travel / Supervisa

Nishaber S. Dhindsa
Cell: 604-783-5860
mail: nishaberdhindsa@accostinsurance.com

Navinder S Sandhu, CAIB
Cell:604-761-6291
mail:navinder.sandhu@accostinsurance.com

Ajay Dhindsa
Cell: 778-680-1195
mail: ajaydhindsa@accostinsurance.com

Monday to Sunday
9 am to 9 Pm
Holidays:10 am to 5pm

#220 7093 King George Blvd Surrey, BC V3W 5A2

E-mail address: accost@accostinsurance.com

Contact: (604) 502-7878

Location : Accost Insurance & Financial Centre Inc.
Surrey Location : 7093 King George Blvd.Surrey, BC V3W5 A2



Teja
A leading supplier of South Asian Food Products since 1955




604-630-8448
Mandeep Bains | Braham Teja
Web: tejaworldfoods.com | Unit 117-7727 Beedie Way Delta B.C V4G 0A5



SAMEER KAUSHAL
&
ANKUR KAUSHAL
PERSONAL REAL ESTATE CORPORATION
Commercial | Residential
Property Experts

Century 21



ਰੀਅਲ ਅਸਟੇਟ ਸਬੰਧੀ
ਕਿਸੇ ਵੀ ਤਰ੍ਹਾਂ ਦੀਆਂ
ਸੇਵਾਵਾਂ ਲਈ ਅੱਜ ਹੀ
ਸੰਪਰਕ ਕਰੋ।
604- 897-9575
604-897-0006



Sameer Kaushal
B.Sc., MBA
#105,7928 128 Street
Surrey, BC V3W 4E8
Ankur Kaushal






WorkBC ਤੁਹਾਡੇ ਕਰੀਅਰ ਨੂੰ ਅੱਗੇ ਵਧਾਉਣ ਲਈ ਸਿਖਲਾਈ, ਸਰੋਤ ਅਤੇ ਵਿੱਤੀ ਸਹਾਇਤਾ ਲੱਭਣ ਵਿੱਚ ਤੁਹਾਡੀ ਮਦਦ ਕਰੇਗਾ।
ਹੋਰ ਜਾਣਕਾਰੀ ਲਈ
**WorkBC.ca/FindYourPath**’ਤੇ ਜਾਓ

ਨਾਲ ਹੀ ਆਪਣੇ ਸਥਾਨਕ WorkBC ਸੈਂਟਰ ਵਿਖੇ ਨੌਕਰੀ ਲਈ ਵਨ-ਔਨ-ਵਨ (ਵਿਅਕਤੀਗਤ) ਸਹਾਇਤਾ ਲਓ।

BRITISH COLUMBIA | WorkBC




VOICE OF THE PUNJABI COMMUNITY
DESH PARDES TIMES
# ਦੇਸ ਪ੍ਰਦੇਸ ਟਾਈਮਜ਼
ਸਨਿਚਰਵਾਰ, 25 ਮਾਰਚ, 2023




## ਫਰਵਰੀ ਵਿਚ ਇਕ ਵਾਰ ਫਿਰ ਕੈਨੇਡਾ ਵਿਚ ਘਰਾਂ ਦੀਆਂ ਕੀਮਤਾਂ ਘਟੀਆਂ

ਓਟਵਾ-ਟੈਰਾਨੇਟ-ਨੈਸ਼ਨਲ ਬੈਂਕ ਨੈਸ਼ਨਲ ਕੰਪੋਜ਼ਿਟ ਹਾਊਸ ਪ੍ਰਾਈਸ ਡਾਟਾ ਤੋਂ ਪਤਾ ਲਗਦਾ ਹੈ ਕਿ ਕੈਨੇਡਾ ਵਿਚ ਘਰਾਂ ਦੀਆਂ ਕੀਮਤਾਂ ਜਨਵਰੀ ਤੋਂ ਫਰਵਰੀ ਵਿਚ 0.3 ਫ਼ੀਸਦੀ ਘਟੀਆਂ ਹਨ ਕਿਉਂਕਿ 11 ਪ੍ਰਮੁੱਖ ਬਾਜ਼ਾਰਾਂ ਵਿਚੋਂ 7 ਵਿਚ ਕੀਮਤਾਂ ਘਟੀਆਂ ਹਨ। ਸੂਚਕਾਂਕ ਜਿਹੜਾ ਮੁੱਖ ਕੈਨੇਡੀਅਨ ਬਾਜ਼ਾਰਾਂ ਵਿਚ ਸਿੰਗਲ ਫੈਮਿਲੀ ਘਰਾਂ ਦੀ ਰਿਪੀਟ ਵਿਕਰੀ ਨੂੰ ਟਰੈਕ ਕਰਦਾ ਹੈ ਤੋਂ ਪਤਾ ਲਗਦਾ ਹੈ ਕਿ ਟੋਰਾਂਟੋ ਤੇ ਕੈਲਗਰੀ ਵਿਚ ਕੀਮਤਾਂ ਵਿਚ ਮਹੀਨਾਵਾਰ ਗਿਰਾਵਟ ਦਸੰਬਰ ਤੋਂ ਜਨਵਰੀ ਵਿਚ ਦਰਜ 1.1 ਫ਼ੀਸਦੀ ਗਿਰਾਵਟ ਤੋਂ ਘੱਟ ਰਹੀ। ਕੀਮਤਾਂ ਜਿਹੜੀਆਂ ਮੌਸਮੀ ਤੌਰ 'ਤੇ ਐਡਜਸਟ ਨਹੀਂ ਕੀਤੀਆਂ ਗਈਆਂ, ਵੈਨਕੂਵਰ ਅਤੇ ਵਿਕਟੋਰੀਆ ਸਮੇਤ ਚਾਰ ਸ਼ਹਿਰਾਂ ਵਿਚ ਵਧੀਆਂ ਹਨ। ਦੋਵੇਂ ਸ਼ਹਿਰ ਪੱਛਮੀ ਸੂਬੇ ਬੀਸੀ ਵਿਚ ਪੈਂਦੇ ਹਨ। ਨੈਸ਼ਨਲ ਬੈਂਕ ਆਫ ਕੈਨੇਡਾ ਦਾ ਅਰਥਸ਼ਾਸਤਰੀ ਡੈਰਨ ਕਿੰਗ ਨੇ ਇਕ ਬਿਆਨ ਵਿਚ ਦੱਸਿਆ ਕਿ ਫਰਵਰੀ 2022 ਦੇ ਮੁਕਾਬਲੇ ਇਸ ਫਰਵਰੀ ਵਿਚ ਮਕਾਨਾਂ ਦੀਆਂ ਕੀਮਤਾਂ 4.7 ਫ਼ੀਸਦੀ ਘਟੀਆਂ ਹਨਜਿਹੜੀਆਂ ਸਾਲ ਦਰ ਸਾਲ ਲਗਾਤਾਰ ਦੂਸਰੇ ਸਾਲ ਦੀ ਗਿਰਾਵਟ ਨੂੰ ਦਰਸਾਉਂਦੀਆਂ ਹਨ।







## ਪੀਅਰ ਪੋਲੀਵਰ ਨੂੰ ਫੈਡਰਲ ਚੋਣਾਂ ਲਈ ਆਪਣਾ ਨੀਤੀਗਤ ਪਲੇਟਫਾਰਮ ਬਚਾਉਣਾ ਚਾਹੀਦਾ-ਹਾਰਪਰ

ਓਟਵਾ-ਸਾਬਕਾ ਕੰਸਰਵੇਟਿਵ ਪ੍ਰਧਾਨ ਮੰਤਰੀ ਸਟੀਫਨ ਹਾਰਪਰ ਦਾ ਕਹਿਣਾ ਕਿ ਮੌਜੂਦਾ ਪਾਰਟੀ ਨੇਤਾ ਪੀਅਰੇ ਪੋਲੀਵਰ ਨੂੰ ਹੁਣ ਬਹੁਤੇ ਨੀਤੀਗਤ ਵਿਚਾਰ ਪੇਸ਼ ਨਹੀਂ ਕਰਨੇ ਚਾਹੀਦੇ ਸਗੋਂ ਅਗਲੀਆਂ ਫੈਡਰਲ ਚੋਣਾਂ ਲਈ ਪਹਿਲੇ ਵਿਚਾਰਾਂ 'ਤੇ ਕਾਇਮ ਰਹਿਣਾ ਚਾਹੀਦਾ ਹੈ। ਬੁੱਧਵਾਰ ਰਾਤ ਨੂੰ ਓਟਵਾ ਬਾਲਰੂਮ ਵਿਚ ਕੰਸਰਵੇਟਿਵ ਕਾਨਫਰੰਸ ਵਿਚ ਸ਼ਾਮਿਲ ਲੋਕਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਲੋਕ ਕਹਿੰਦੇ ਹਨ ਕਿ ਕੰਸਰਵੇਟਿਵ ਵਿਰੋਧੀ ਪਾਰਟੀਆਂ ਨੂੰ ਹੁਣ ਤੋਂ ਯੋਜਨਾਵਾਂ ਤੇ ਪ੍ਰਸਤਾਵ ਤਿਆਰ ਕਰਨੇ ਚਾਹੀਦੇ ਹਨ। ਹਾਰਪਰ ਨੇ ਕਿਹਾ ਕਿ ਸੈਂਟਰਲ ਕੰਸਰਵੇਟਿਵਜ਼ ਦੇ ਮਾਮਲੇ ਵਿਚ ਉਨ੍ਹਾਂ ਨੂੰ ਇਸ ਗੱਲ ਦੀ ਚਿੰਤਾ ਹੈ ਕਿ ਲਿਬਰਲ ਮੀਡੀਆ ਚਾਹੁੰਦਾ ਹੈ ਕਿ ਪਿਅਰੇ ਪੋਲੀਵਰ ਆਪਣੇ ਆਪ ਨੂੰ ਮੁੱਦਾ ਬਣਾਉਣ। ਓਟਵਾ ਵਿਚ ਸਾਲਾਨਾ ਕੈਨੇਡਾ ਸਟਰਾਂਗ ਐਂਡ ਫਰੀ ਨੈੱਟਵਰਕ ਕਾਨਫਰੰਸ ਦੇ ਹਿੱਸੇ ਵਜੋਂ ਰਿਫਾਰਟ ਪਾਰਟੀ ਦੇ ਸੰਸਥਾਪਕ ਅਤੇ ਸਾਬਕਾ ਨੇਤਾ ਪ੍ਰੇਸਟਨ ਮੈਨਿੰਗ ਨਾਲ ਇਕ ਫਾਇਰਸਾਈਡ ਗੱਲਬਾਤ ਵਿਚ ਉਨ੍ਹਾਂ ਕਿਹਾ ਕਿ ਲੋਕਾਂ ਨੂੰ ਆਪਣੇ ਵਿਕਲਪਾਂ ਬਾਰੇ ਵਿਸਥਾਰ ਨਾਲ ਦੱਸਣ ਦਾ ਸਮਾਂ ਚੋਣ ਮੁਹਿੰਮ ਹੁੰਦੀ ਹੈ। ਹਾਰਪਰ ਨੇ ਚਿਤਾਵਨੀ ਦਿੱਤੀ ਕਿ ਫੈਡਰਲ ਕੰਸਰਵੇਟਿਵਜ਼ ਨੂੰ ਆਪਣੇ ਨੀਤੀ ਵਿਚਾਰਾਂ ਦਾ ਹੁਣ ਖੁਲਾਸਾ ਨਹੀਂ ਕਰਨਾ ਚਾਹੂਦਾ ਹੈ ਅਤੇ ਚੋਣਾਂ ਤੇ ਸੰਭਾਵਤ ਸਰਕਾਰ ਤੋਂ ਪਹਿਲਾਂ ਉਨ੍ਹਾਂ ਦੇ ਵੇਰਵੇ ਵਿਕਸਤ ਕਰਨ ਲਈ ਕੰਮ ਕਰਨਾ ਚਾਹੀਦਾ ਹੈ।

## ਐਡਮਿੰਟਨ ਵਿਚ ਗੋਲੀ ਮਾਰ ਕੇ ਮਾਰੇ ਗਏ ਪੁਲਿਸ ਅਫਸਰਾਂ ਦਾ ਅੰਤਿਮ ਸੰਸਕਾਰ 27 ਨੂੰ

ਐਡਮਿੰਟਨ-ਪੁਲਿਸ ਨੇ ਦੱਸਿਆ ਕਿ ਐਡਮਿੰਟਨ ਦੇ ਦੋ ਪੁਲਿਸ ਅਫਸਰਾਂ ਜਿਨ੍ਹਾਂ ਪਿਛਲੇ ਹਫਤੇ ਡਿਊਟੀ ਸਮੇਂ ਗੋਲੀ ਮਾਰ ਕੇ ਮਾਰ ਦਿੱਤਾ ਸੀ ਦਾ ਰੈਜੀਮੈਂਟਲ ਅੰਤਿਮ ਸੰਸਕਾਰ ਦਾ ਸਮਾਂ ਤਹਿ ਕਰ ਲਿਆ ਹੈ। 35 ਸਾਲਾ ਕੰਸਟੇਬਲ ਟਰੈਵਿਸ ਜਾਰਡਨ ਅਤੇ 30 ਸਾਲਾ ਕੰਸਟੇਬਲ ਬਰੇਟ ਰਿਆਨ ਦਾ ਅੰਤਿਮ ਸੰਸਕਾਰ ਨੈਸ਼ਨਲ ਹਾਕੀ ਲੀਗ ਦੇ ਐਡਮਿੰਟਨ ਆਇਲਰਸ ਦੇ ਘਰੇਲੂ ਮੈਦਾਨ ਵਿਚ ਰੋਜਰਸ ਪਲੇਸ ਵਿਖੇ 27 ਮਾਰਚ ਨੂੰ ਕੀਤਾ ਜਾਵੇਗਾ। ਪੁਲਿਸ ਨੇ ਦੱਸਿਆ ਕਿ ਦੋਵੇਂ ਕੰਸਟੇਬਲ ਵੀਰਵਾਰ ਸਵੇਰੇ ਨੌਰਥਵੈਸਟ ਅਪਾਰਟਮੈਂਟ ਕੰਪਲੈਕਸ ਵਿਚ ਇਕ ਪਰਿਵਾਰਕ ਵਿਵਾਦ ਨੂੰ ਲੈ ਕੇ ਆਏ ਫੋਨ ਕਾਰਨ ਉਥੇ ਗਏ ਸਨ ਜਦੋਂ 16 ਸਾਲਾ ਲੜਕੇ ਨੇ ਕਈ ਗੋਲੀਆਂ ਚਲਾ ਕੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ ਸੀ। ਪੁਲਿਸ ਨੇ ਦੱਸਿਆ ਕਿ ਬੰਦੂਕ ਖੋਹਣ ਦੌਰਾਨ ਲੜਕੇ ਨੇ ਆਪਣੀ ਮਾਂ ਨੂੰ ਵੀ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ ਅਤੇ ਫਿਰ ਆਪਣੇ ਆਪ ਨੂੰ ਗੋਲੀ ਮਾਰ ਕੇ ਖਤਮ ਕਰ ਲਿਆ। ਅਧਿਕਾਰੀਆਂ ਦੀਆਂ ਲਾਸ਼ਾਂ ਫਿਊਨਰਲ ਹੋਮ ਲਈ ਮੈਡੀਕਲ ਐਗਜ਼ਾਮੀਨਰ ਦੇ ਦਫ਼ਤਰ ਤੋਂ ਲਿਜਾਈਆਂ ਜਾਣਗੀਆਂ। ਅਧਿਕਾਰੀਆਂ ਨੇ ਦੱਸਿਆ ਕਿ 55 ਸਾਲਾ ਮਾਂ ਨੇ 911 'ਤੇ ਫੋਨ ਕੀਤਾ ਸੀ ਕਿ ਉਸ ਨੂੰ ਉਸ ਦਾ ਕਿਸ਼ੋਰ ਲੜਕਾ ਤੰਗ ਕਰ ਰਿਹਾ ਹੈ ਪਰ ਕਿਸੇ ਹਿੰਸਾ ਜਾਂ ਲੜਕੇ ਕੋਲ ਬੰਦੂਕ ਹੋਣ ਦਾ ਸੰਕੇਤ ਨਹੀਂ ਸੀ ਮਿਲਿਆ।














# ਕੈਨੇਡਾ ਵਿਆਪੀ ਵਾਰੰਟ ਲਈ ਲੋੜੀਂਦਾ ਵਿਅਕਤੀ ਸਰੀ ਵਿਚ ਗ੍ਰਿਫ਼ਤਾਰ

ਸਰੀ-ਕੈਨੇਡਾ ਵਿਆਪੀ ਵਾਰੰਟ 'ਤੇ ਲੋੜੀਂਦੇ ਵਿਅਕਤੀ ਨੂੰ ਪੁਲਿਸ ਨੇ ਸਰੀ ਵਿਚ ਗ੍ਰਿਫ਼ਤਾਰ ਕੀਤਾ ਹੈ। ਸਰੀ ਆਰਸੀਐਮਪੀ ਨੇ ਦੱਸਿਆ ਕਿ 36 ਸਾਲਾ ਸੀਨ ਟਰੇਵਰ ਕੁਡਫੋਰਡ ਨੂੰ 16 ਮਾਰਚ ਨੂੰ ਗ੍ਰਿਫਤਾਰ ਕਰ ਲਿਆ ਜਦਕਿ ਉਹ ਵੀਡੀਓ ਵਿਚ 103ਏ ਐਵੀਨਿਊ ਦੇ 14000 ਬਲਾਕ ਵਿਚ ਇਕ ਖਾਲੀ ਪਏ ਮਕਾਨ ਵਿਚ ਚੋਰੀ ਛਿਪੇ ਦਾਖਲ ਹੋਣ ਪਿੱਛੋ ਭੱਜਦਾ ਦਿਖਾਈ ਦਿੰਦਾ ਹੈ। ਪੁਲਿਸ ਨੇ ਦੱਸਿਆ ਕਿ ਜਦੋਂ ਅਫਸਰ ਪੁੱਜੇ ਤਾਂ ਸ਼ੱਕੀ ਤਾਕੀ ਰਾਹੀਂ ਘਰ ਤੋਂ ਬਚ ਕੇ ਨਿਕਲਣ ਪਿੱਛੋਂ ਦੌੜਦਾ ਦੇਖਿਆ ਗਿਆ। ਲੋਅਰ ਮੇਨਲੈਂਡ ਇੰਟੀਗ੍ਰੇਟਿਡ ਪੁਲਿਸ ਡਾਗ ਸਰਵਿਸ ਦੇ ਕੁੱਤਿਆਂ ਵਲੋਂ ਉਸ ਦਾ ਪਿੱਛਾ ਕਰਨ ਪਿੱਛੋਂ ਉਸ ਨੂੰ ਗ੍ਰਿਫ਼ਤਾਰ ਕਰ ਲਿਆ। ਕੁਡਫੋਰਡ ਬਰਨਬੀ ਵਿਚ ਘਰ ਵਿਚ ਚੋਰੀ ਛਿਪੇ ਦਾਖਲ ਹੋਣ ਨਾਲ ਸਬੰਧਤ ਦੋ ਦੋਸ਼ਾਂ ਲਈ ਦੇਸ਼ ਵਿਆਪੀ ਵਿਆਪੀ ਵਾਰੰਟ ਲਈ ਲੋੜੀਂਦਾ ਸੀ। ਉਸ ਦੇ ਖਿਲਾਫ ਕਈ ਹੋਰ ਵਾਰੰਟ ਜਾਰੀ ਕੀਤੇ ਗਏ ਸਨ ਜਿਨ੍ਹਾਂ ਵਿਚ ਬਰਨਬੀ, ਆਰਸੀਐਮਪੀ, ਨਿਊ ਵੈਸਟਮਿਨਸਟਰ ਪੁਲਿਸ ਤੇ ਟਰਾਂਜ਼ਿਟ ਪੁਲਿਸ ਦੇ ਵਾਰੰਟ ਸ਼ਾਮਿਲ ਹਨ। ਕੁਡਫੋਰਡ 'ਤੇ ਘਰ ਵਿਚ ਦਾਖਲ ਹੋਣ ਅਤੇ ਪੀਸ ਅਫਸਰ ਦੇ ਕੰਮ ਵਿਚ ਵਿਘਨ ਪਾਉਣ ਦਾ ਦੋਸ਼ ਲਗਾਇਆ ਗਿਆ ਹੈ। ਉਹ ਅਦਾਲਤ ਵਿਚ ਅਗਲੀ ਪੇਸ਼ੀ ਤਕ ਹਿਰਾਸਤ ਵਿਚ ਰਹੇਗਾ।

# ਗੁਰਦੁਆਰਾ ਕੇਅਰਟੇਕਰ ਨਿਰਮਲ ਸਿੰਘ ਗਿੱਲ ਦੇ ਸਨਮਾਨ ਵਾਲੀ ਦਸਤਾਵੇਜ਼ੀ ਫਿਲਮ 26 ਨੂੰ ਦਿਖਾਈ ਜਾਵੇਗੀ

ਸਰੀ-25 ਸਾਲ ਪਹਿਲਾਂ ਨਿਊਟਨ ਵਿਖੇ ਸਿਰ ਫਿਰੇ ਗੋਰਿਆਂ ਹੱਥੋਂ ਮਾਰੇ ਗਏ ਗੁਰਦੁਆਰਾ ਸਾਹਿਬ ਦੇ ਕੇਅਰਟੇਕਰ ਨਿਰਮਲ ਸਿੰਘ ਬਾਰੇ ਇਕ ਨਵੀਂ ਦਸਤਾਵੇਜ਼ੀ ਫਿਲਮ ਦੀ ਪ੍ਰੀਮੀਅਰ ਸਕਰੀਨਿੰਗ ਐਤਵਾਰ ਨੂੰ ਸ਼ਾਮ 3.30 ਵਜੇ ਸਟਰਾਅਬੇਰੀ ਹਿਲ ਲਾਇਬਰੇਰੀ ਵਿਖੇ ਹੋਵੇਗੀ। ਇਹ ਥਾਂ ਉਸ ਥਾਂ ਤੋਂ ਕੁਝ ਬਲਾਕ ਦੂਰ ਹੈ ਜਿਥੇ ਨਿਰਮਲ ਸਿੰਘ ਗਿੱਲ ਨੂੰ ਕਤਲ ਕੀਤਾ ਗਿਆ ਸੀ। ਇਮਤਿਆਜ਼ ਪੋਪਟ ਜਿਨ੍ਹਾਂ ਨੇ 30 ਮਿੰਟ ਦੀ ਫਿਲਮ ਹੇਟ ਕੈਨ ਕਿਲ ਦਾ ਨਿਰਦੇਸ਼ਨ ਕੀਤਾ ਹੈ ਨੇ ਕਿਹਾ ਕਿ ਉਸ ਦੀ ਫਿਲਮ ਇਕ ਤੋਂ 10 ਮਈ ਤਕ ਮਾਂਟਰੀਅਲ ਦੇ ਦੱਖਣੀ ਏਸ਼ੀਅਨ ਫਿਲਮ ਫੈਸਟੀਵਲ ਵਿਖੇ ਦਿਖਾਈ ਜਾਵੇਗੀ ਅਤੇ ਇਹ ਏਸ਼ੀਅਨ ਵਿਰਾਸਤ ਮਹੀਨੇ ਦੇ ਮੱਦੇਨਜ਼ਰ 25 ਮਈ ਨੂੰ ਸ਼ਾਮ 6.30 ਵਜੇ ਵੈਨਕੂਵਰ ਪਬਲਿਕ ਲਾਇਬਰੇਰੀ ਵਿਖੇ ਵੀ ਦਿਖਾਈ ਜਾਵੇਗੀ। ਉਨ੍ਹਾਂ ਦੱਸਿਆ ਕਿ ਉਹ ਇਸ ਨੂੰ ਗੁਰਦੁਆਰਾ ਸਾਹਿਬ ਨੇੜੇ ਲਾਂਚ ਕਰਨਾ ਚਾਹੁੰਦੇ ਹਨ। ਇਹ ਪੁਰਾਣੀ ਦਸਤਾਵੇਜ਼ੀ ਦਾ ਨਵਾਂ ਸੰਸਕਰਣ ਹੈ ਜਿਹੜਾ ਜ਼ਿਆਦਾ ਵਿਆਪਕ ਹੈ, ਇਸ ਦਾ ਵਧੇਰੇ ਵਿਸ਼ਲੇਸ਼ਣ



ਕੀਤਾ ਗਿਆ ਹੈ। ਉਹ ਇਸ ਨੂੰ ਰਿਲੀਜ਼ ਕਰਨਾ ਚਾਹੁੰਦਾ ਹੈ ਤਾਂ ਜੋ ਕਹਾਣੀ ਭੁੱਲ ਨਾ ਜਾਵੇ। ਸਕੌਟ ਰੋਡ 'ਤੇ ਸਥਿਤ ਗੁਰੂ ਨਾਨਕ ਸਿੰਘ ਗੁਰਦੁਆਰਾ ਦੇ 65 ਸਾਲਾ ਕੇਅਰਟੇਕਰ ਗਿੱਲ ਨੂੰ 4 ਜਨਵਰੀ 1998 ਨੂੰ ਰਾਤ ਦਾ ਪਹਿਰਾ ਦਿੰਦੇ ਸਮੇਂ ਗੁਰਦੁਆਰੇ ਦੀ ਪਾਰਕਿੰਗ ਵਿਚ ਕੁੱਟ ਕੁੱਟ ਕੇ ਮਾਰ ਦਿੱਤਾ ਸੀ। ਪੰਜ ਨੌਜਵਾਨ ਵਿਅਕਤੀਆਂ ਜਿਹੜੇ ਨਾਜ਼ੀ ਵਾਦੀ ਗਰੁੱਪ ਜਿਸ ਨੂੰ ਹੈਮਰਸਕਿਨਜ਼ ਕਿਹਾ ਜਾਂਦਾ ਹੈ ਨਾਲ ਸਬੰਧਤ ਸਨ ਨੂੰ ਸੈਕਿੰਡ ਡਿਗਰੀ ਕਤਲ ਲਈ ਗ੍ਰਿਫਤਾਰ ਕੀਤਾ ਸੀ ਪਰ ਉਨ੍ਹਾਂ ਨੇ ਮੈਨਸਲਾਟਰ ਦਾ ਦੋਸ਼ ਸਵੀਕਾਰ ਕਰ ਲਿਆ ਸੀ। ਦੋ ਵਿਅਕਤੀਆਂ ਨੂੰ 18-18 ਸਾਲ ਕੈਦ ਤੇ ਦੂਸਰੇ ਤਿੰਨਾਂ ਨੂੰ 15-15 ਸਾਲ ਕੈਦ ਦੀ ਸਜ਼ਾ ਸੁਣਾਈ ਗਈ ਸੀ। ਪੋਪਟ ਨੇ ਕਿਹਾ ਕਿ ਇਹ ਸਾਡੇ ਵਿਹੜੇ ਸਰੀ ਵਿਚ ਘਟਨਾ ਵਾਪਰੀ ਸੀ, ਬਹੁਤਾ ਕੁਝ ਨਹੀਂ ਬਦਲਿਆ, ਅਜੇ ਵੀ ਪੂਜਾ ਸਥਾਨਾਂ 'ਤੇ ਲੋਕਾਂ ਨੂੰ ਕਤਲ ਕੀਤਾ ਜਾ ਰਿਹਾ ਹੈ। ਇਹ ਸਰੀ, ਕਿਊਬਕ, ਨਿਊਜ਼ੀਲੈਂਡ ਤੇ ਹੋਰ ਥਾਵਾਂ 'ਤੇ ਵਾਪਰਿਆ ਹੈ, ਇਸ ਲਈ ਸਾਨੂੰ ਚੌਕਸ ਰਹਿਣਾ ਪਵੇਗਾ। ਇਹ ਕੋਈ ਪੁਰਾਣੀ ਕਹਾਣੀ ਨਹੀਂ ਇਹ ਅਜੇ ਵਰਤਮਾਨ ਦੀ ਕਹਾਣੀ ਹੈ।

# ਕੈਨੇਡਾ ਵਲੋਂ ਐਕਸਪ੍ਰੈਸ ਐਂਟਰੀ ਡਰਾਅ ਵਿਚ 7000 ਹੋਰ ਉਮੀਦਵਾਰਾਂ ਨੂੰ ਸੱਦਾ ਦਿੱਤਾ


ਓਟਵਾ-ਇਮੀਗ੍ਰੇਸ਼ਨ ਰਿਫਊਜੀ ਐਂਡ ਸਿਟੀਜ਼ਨਸ਼ਿਪ ਕੈਨੇਡਾ (ਆਈਆਰਆਰਸੀ) ਨੇ ਆਲ ਪ੍ਰੋਗਰਾਮ ਡਰਾਅ ਵਿਚ ਘੱਟੋ ਘੱਟ ਕੰਪਰੀਹੈਂਸਿਵ ਰੈਂਕਿੰਗ ਸਿਸਟਮ (ਸੀਆਰਐਸ) ਵਿਚ 484 ਸਕੋਰ ਵਾਲੇ 7000 ਉਮੀਦਵਾਰਾਂ ਨੂੰ ਅਪਲਾਈ ਕਰਨ ਦਾ ਸੱਦਾ ਦਿੱਤਾ ਹੈ। ਆਲ ਪ੍ਰੋਗਰਾਮ ਡਰਾਅ ਦਾ ਮਤਲਬ ਫੈਡਰਲ ਸਕਿਲਡ ਵਰਕਰ ਪ੍ਰੋਗਰਾਮ (ਐਫਐਸਡਬਲਯੂਪੀ), ਕੈਨੇਡੀਅਨ ਐਕਸਪੀਰੀਐਂਸ ਕਲਾਸ (ਸੀਈਸੀ) ਅਤੇ ਫੈਡਰਲ ਸਕਿਲਡ ਟਰੇਡਸ ਪ੍ਰੋਗਰਾਮ (ਐਫਐਸਟੀਪੀ) ਦੇ ਉਮੀਦਵਾਰ ਹੁੰਦੇ ਹਨ। ਇਸ ਡਰਾਅ ਦਾ ਆਕਾਰ 15 ਮਾਰਚ ਦੇ ਹੁਣ ਤਕ ਦੇ ਸਭ ਤੋਂ ਵੱਡੇ ਆਲ-ਪ੍ਰੋਗਰਾਮ ਡਰਾਅ ਦੇ ਬਰਾਬਰ ਹੈ ਜਿਸ ਵਿਚ 7000 ਉਮੀਦਵਾਰਾਂ ਨੂੰ ਸੱਦਾ ਦਿੱਤਾ ਗਿਆ ਸੀ। ਉਸ ਡਰਾਅ ਵਿਚ ਘੱਟੋ ਘੱਟ 490 ਸੀਆਰਐਸ ਸਕੋਰ ਵਾਲੇ ਉਮੀਦਵਾਰ ਸੱਦੇ ਗਏ ਸਨ। ਡਰਾਅ ਹੈਰਾਨ ਕਰਨ ਵਾਲਾ ਹੈ ਕਿਉਂਕਿ ਲਗਾਤਾਰ ਦੂਸਰੇ ਹਫ਼ਤੇ ਆਈਆਰਸੀਸੀ ਨੇ ਐਕਸਪ੍ਰੈਸ ਐਂਟਰੀ ਉਮੀਦਵਾਰਾਂ ਨੂੰ ਸੱਦਾ ਦਿੱਤਾ ਹੈ।

# ਸੜਕ ਦੁਰਘਟਨਾ ਵਿਚ ਇਕ ਵਿਅਕਤੀ ਦੀ ਮੌਤ

ਸਰੀ-ਇਥੇ ਵੀਰਵਾਰ ਸਵੇਰੇ ਇਕ ਡਰਾਈਵਰ ਦੀ ਸੜਕ ਦੁਰਘਟਨਾ ਵਿਚ ਮੌਤ ਹੋ ਗਈ। ਉਸ ਨੂੰ ਬਚਾਉਣ ਦੀ ਕਾਫੀ ਕੋਸ਼ਿਸ਼ਾਂ ਕੀਤੀਆਂ ਗਈਆਂ ਪਰ ਸਫਲ ਨਾ ਹੋਈਆਂ। ਕਾਲੇ ਰੰਗ ਦੀ ਜਗੂਅਰ ਸੇਡਾਨ ਕਾਰ ਅੱਧੀ ਰਾਤ ਤੋਂ ਥੋੜੀ ਦੇਰ ਬਾਅਦ 130ਵੀਂ ਅਤੇ 132ਵੀ ਸਟਰੀਟ ਵਿਚਕਾਰ 72ਵੀਂ ਐਵੀਨਿਊ 'ਤੇ ਕੰਟਰੋਲ ਤੋਂ ਬਾਹਰ ਹੋ ਕੇ ਸੜਕਾਂ ਦੇ ਵਿਚਕਾਰ ਬਣੀ ਸੈਂਟਰ ਮੇਡੀਅਨ ਸਟਰਿਪ ਨਾਲ ਟਕਰਾ ਗਈ। ਉਸ ਨੂੰ ਹਸਪਤਾਲ ਲਿਜਾਇਆ ਗਿਆ ਪਰ ਉਸ ਦੀ ਮੌਤ ਹੋ ਗਈ। ਸਰੀ ਆਰਸੀਐਮਪੀ ਨੇ ਦੱਸਿਆ ਕਿ ਲਗਦਾ ਹੈ ਕਿ ਤੇਜ਼ ਰਫਤਾਰ ਕਾਰਨ ਦੁਰਘਟਨਾ ਵਾਪਰੀ ਹੈ।

# ਜ਼ਬਤ ਕੀਤੇ ਫਲੇਅਰ ਏਅਰਲਾਈਨਜ਼ ਦੇ ਚਾਰ ਜਹਾਜ਼ ਲੀਜ਼ ਲਈ ਉਪਲਬਧ

ਓਟਵਾ-ਫਲੇਅਰ ਏਅਰਲਾਈਨਜ਼ ਦੇ ਭੁਗਤਾਨ ਨਾ ਕਰਨ ਬਦਲੇ ਜ਼ਬਤ ਕੀਤੇ ਜਹਾਜ਼ ਲੀਜ਼ ਲਈ ਬਾਜ਼ਾਰ ਵਿਚ ਉਪਲਬਧ ਹਨ। ਮਾਲਕ ਕੰਪਨੀ ਏਅਰਬੋਰਨ ਕੈਪੀਟਲ ਆਫ ਡਬਲਿਨ ਨੇ ਜਹਾਜ਼ਾਂ ਦੀ ਵਿਕਰੀ ਵਾਲੀਆਂ ਦੋ ਵੈੱਬਸਾਈਟਾਂ 'ਤੇ ਬੋਇੰਗ 737 ਐਸ ਦੀ ਪੋਸਟ ਪਾਈ ਹੈ ਜਿਨ੍ਹਾਂ ਵਿਚ ਤਿੰਨ ਤਾਂ ਲਗਪਗ ਨਵੇਂ ਮੈਕਸ 8ਐਸ ਜਹਾਜ਼ ਹਨ ਅਤੇ ਇਕ 13 ਸਾਲ ਪੁਰਾਣਾ ਮਾਡਲ ਹੈ। ਜਹਾਜ਼ਾਂ ਲਈ ਕੋਈ ਕੀਮਤ ਸੂਚੀਬੱਧ ਨਹੀਂ ਕੀਤੀ ਗਈ ਅਤੇ ਇਹ ਮਾਈਏਅਰਟਰੇਡ ਡਾਟ ਕਾਮ ਅਤੇ ਜੈੱਟਕਲਾਸੀਫਾਈਡ ਡਾਟ ਕਾਮ 'ਤੇ ਉਪਲਬਧ ਹੈ। ਪਿਛਲੇ ਹਫ਼ਤੇ ਏਅਰਬੋਰਨ ਨੇ ਕਿਹਾ ਕਿ ਏਅਰਬੋਰਨ ਨੇ 11 ਮਾਰਚ ਨੂੰ ਤੜਕੇ ਐਡਮਿੰਟਨ, ਟੋਰਾਂਟੋ ਤੇ ਵਾਟਰਲੂ ਹਵਾਈ ਅੱਡਿਆਂ ਤੋਂ ਜਹਾਜ਼ਾਂ ਦਾ ਕਬਜ਼ਾ ਲਿਆ ਕਿਉਂਕਿ ਫਲੇਅਰ ਏਅਰਲਾਈਨਜ਼ ਪੰਜ ਮਹੀਨਿਆਂ ਤੋਂ ਲੱਖ ਡਾਲਰ ਦਾ ਭੁਗਤਾਨ ਨਹੀਂ ਸੀ ਕਰ ਰਹੀ।



# ਸਾ ਰੇ ਗਾ ਮਾ ਦੇ ਸਟਾਰ ਗਾਇਕ ਜਗਪ੍ਰੀਤ ਬਾਜਵਾ ਦੀ ਸਰੀ ਵਿਚ ਸ਼ਾਮ-ਏ-ਮਹਿਫਲ 31 ਮਾਰਚ ਨੂੰ



ਸਰੀ (ਦੇ. ਪ੍ਰ. ਬਿ.)-ਸੰਗੀਤ ਦੀ ਦੁਨੀਆ ਵਿਚ ਜਾਣੇ ਪਹਿਚਾਣੇ ਨਾਮ, ਡੈਲਟਾ ਨਿਵਾਸੀ ਗਾਇਕ ਜਗਪ੍ਰੀਤ ਬਾਜਵਾ ਦੀ ਸ਼ਾਮ ਏ ਮਹਿਫਲ ਇਸ 31 ਮਾਰਚ ਦਿਨ ਸ਼ੁਕਰਵਾਰ ਨੂੰ ਰਿਵਰਸਾਈਡ ਸਿਗਨੇਚਰ ਬੈਂਕੁਇਟ ਹਾਲ 13030- 76 ਐਵਨਿਊ ਸਰੀ ਵਿਖੇ ਮਨਾਈ ਜਾ ਰਹੀ ਹੈ। ਬਾਲੀਵੁੱਡ ਏਕ ਤਾਰਾ ਕੰਪੀਟੀਸ਼ਨ (2008) ਅਤੇ ਸਾ ਰੇ ਗਾ ਮਾ ( 2016) ਦਾ ਸਟਾਰ ਗਾਇਕ ਜਗਪ੍ਰੀਤ ਬਾਜਵਾ ਜਿਸਦੀ ਬਚਪਨ ਵਿਚ ਹੀ ਅੱਖਾਂ ਦੀ ਰੌਸ਼ਨੀ ਚਲੀ ਗਈ ਸੀ, ਸੰਗੀਤ ਦੀ ਦੁਨੀਆ ਵਿਚ ਕਈ ਕੌਮੀ ਤੇ ਕੌਮਾਂਤਰੀ ਪੱਧਰ ਦੇ ਇਨਾਮ ਸਨਮਾਨ ਜਿੱਤ ਚੁੱਕਾ ਹੈ। ਉਹ ਅੰਗਰੇਜੀ, ਫਰੈਂਚ, ਹਿੰਦੀ ਤੇ ਪੰਜਾਬੀ ਸਮੇਤ ਚਾਰ ਭਾਸ਼ਾਵਾਂ ਵਿਚ ਗਾਉਣ ਦੀ ਮੁਹਾਰਤ ਰੱਖਦਾ ਹੈ। 31 ਮਾਰਚ ਨੂੰ ਕਰਵਾਈ ਜਾ ਰਹੀ ਸ਼ਾਮ ਏ ਮਹਿਫਲ ਦੀ ਐਂਟਰੀ ਟਿਕਟ 60 ਡਾਲਰ ਰੱਖੀ ਗਈ ਹੈ। ਟਿਕਟਾਂ ਤੇ ਪ੍ਰੋਗਰਾਮ ਬਾਰੇ ਵਧੇਰੇ ਜਾਣਕਾਰੀ ਲਈ ਜਗਬੀਰ ਬਾਜਵਾ ਨਾਲ ਫੋਨ ਨੰਬਰ 778-552-2009 ਉਪਰ ਸੰਪਰਕ ਕੀਤਾ ਜਾ ਸਕਦਾ ਹੈ।



# ਕੇਂਦਰੀ ਪੰਜਾਬੀ ਲੇਖਕ ਸਭਾ ਵੱਲੋਂ ਸੋਹਣ ਸਿੰਘ ਜੌਹਲ ਦੀ ਪੁਸਤਕ ਰਿਲੀਜ਼

ਸਰੀ (ਹਰਦਮ ਮਾਨ)-ਕੇਂਦਰੀ ਪੰਜਾਬੀ ਲੇਖਕ ਸਭਾ (ਉੱਤਰੀ ਅਮਰੀਕਾ) ਦੀ ਮੀਟਿੰਗ ਸੀਨੀਅਰ ਸੈਂਟਰ, ਸਰੀ ਵਿਖੇ ਹੋਈ। ਅੰਤਰ-ਰਾਸ਼ਟਰੀ ਨਾਰੀ ਦਿਵਸ ਨੂੰ ਸਮਰਪਿਤ ਇਸ ਮੀਟਿੰਗ ਵਿੱਚ ਐਡਵੋਕੇਟ ਸੋਹਣ ਸਿੰਘ ਜੌਹਲ ਦਾ ਕਾਵਿ ਸੰਗ੍ਰਹਿ ਪਾਣੀ ਪੰਜੇ ਦਰਿਆਵਾਂ ਦੇ ਲੋਕ ਅਰਪਣ ਕੀਤਾ ਗਿਆ। ਮੀਟਿੰਗ ਦੀ ਪ੍ਰਧਾਨਗੀ ਪ੍ਰਿਤਪਾਲ ਗਿੱਲ, ਪਲਵਿੰਦਰ ਸਿੰਘ ਰੰਧਾਵਾ, ਐਡਵੋਕੇਟ ਸੋਹਣ ਸਿੰਘ ਜੌਹਲ ਅਤੇ ਪ੍ਰਿੰਸੀਪਲ ਰਣਜੀਤ ਸਿੰਘ ਪੰਨੂ ਨੇ ਕੀਤੀ। ਪੁਸਤਕ ਪਾਣੀ ਪੰਜ ਦਰਿਆਵਾਂ ਦੇ ਰਿਲੀਜ਼ ਕਰਨ ਦੀ ਰਸਮ ਉਪਰੰਤ ਇਸ ਪੁਸਤਕ ਬਾਰੇ ਪ੍ਰਿਤਪਾਲ ਗਿੱਲ, ਸੁਰਜੀਤ ਸਿੰਘ ਮਾਧੋਪੁਰੀ ਅਤੇ ਪ੍ਰੋ. ਕਸ਼ਮੀਰਾ ਸਿੰਘ ਨੇ ਪਰਚੇ ਪੜ੍ਹੇ। ਉਪਰੰਤ ਕਵੀ ਦਰਬਾਰ ਹੋਇਆ ਜਿਸ ਵਿਚ ਪਲਵਿੰਦਰ ਸਿੰਘ ਰੰਧਾਵਾ, ਡਾਕਟਰ ਪਾਲ ਬਿਲਗਾ, ਕਰਮ ਸਿੰਘ ਹੀਰ, ਜਿਲਾ ਸਿੰਘ, ਹਰਵਿੰਦਰ ਕੌਰ ਨਿੱਕੀ, ਦਵਿੰਦਰ ਕੌਰ ਜੌਹਲ, ਨਰਿੰਦਰ ਸਿੰਘ ਪੰਨੂ, ਹਰਸ਼ਰਨ ਕੌਰ, ਦਰਸ਼ਨ ਸੰਘਾ, ਨਰਿੰਦਰ ਬਾਹੀਆ, ਪ੍ਰਿਤਪਾਲ ਗਿੱਲ, ਸੁਰਜੀਤ ਸਿੰਘ ਮਾਧੋਪੁਰੀ, ਪ੍ਰੋ: ਕਸ਼ਮੀਰਾ ਸਿੰਘ, ਐਡਵੋਕੇਟ ਸੋਹਣ ਸਿੰਘ ਜੌਹਲ,ਧਰਮ ਪਤਨੀ ਸੁਖਵਿੰਦਰ ਸਿੱਧੂ, ਹਰਪਾਲ ਸਿੰਘ ਬਰਾੜ, ਇੰਦਰਦੀਤ ਸਿੰਘ ਧਾਮੀ, ਗੁਰਮੀਤ ਕਾਲਕਟ, ਮਨਜੀਤ ਸਿੰਘ ਮੱਲਾ, ਹਰਜਿੰਦਰ ਸਿੰਘ ਚੀਮਾ, ਦਵਿੰਦਰ ਕੌਰ, ਗੁਰਵਿੰਦਰ ਸਿੰਘ ਜੌਹਲ, ਹਰਪ੍ਰੀਤ ਕੌਰ, ਸਰਬਜੀਤ ਕੌਰ, ਕਿਰਨਦੀਪ ਕੌਰ ਜੌਹਲ, ਕਮਲਪ੍ਰੀਤ ਕੌਰ ਜੌਹਲ, ਦਲਬਾਰਾ ਸਿੰਘ ਗਰਚਾ, ਤਨਵੀਰ ਸਿੰਘ ਜੌਹਲ, ਗੁਰਪ੍ਰੀਤ ਸਿੰਘ ਜੌਹਲ, ਗੁਰਦੀਪ ਸਿੰਘ, ਮਨਜੀਤ ਸਿੰਘ, ਖੁਸ਼ਪਾਲ ਸਿੰਘ ਟੌਂਕ, ਨਿਰਮਲ ਗਿੱਲ, ਨਾਹਰ ਸਿੰਘ ਢੇਸਾ, ਸੋਹਣ ਢੇਸਾ, ਹਰਵਿੰਦਰ ਸਿੰਘ, ਅਵਤਾਰ ਸਿੰਘ ਢਿੱਲੋਂ, ਡਾ.ਮਾਂਗਟ, ਅਮਰਜੀਤ ਕੌਰ ਮਾਂਗਟ ਨੇ ਆਪਣੀਆਂ ਕਾਵਿ ਰਚਨਾਵਾਂ ਪੇਸ਼ ਕੀਤੀਆਂ। ਸੋਹਣ ਸਿੰਘ ਜੌਹਲ ਨੇ ਸੀਨੀਅਰ ਸੈਂਟਰ ਦੇ ਅਹੁਦੇਦਾਰਾਂ ਨੂੰ ਆਪਣੀਆਂ ਪੁਸਤਕਾਂ ਭੇਂਟ ਕੀਤੀਆਂ। ਅੰਤ ਵਿਚ ਸਭਾ ਦੇ ਪ੍ਰਧਾਨ ਪ੍ਰਿਤਪਾਲ ਗਿੱਲ ਨੇ ਸਭਨਾਂ ਦਾ ਧੰਨਵਾਦ ਕੀਤਾ। ਸਟੇਜ ਦਾ ਸੰਚਾਲਨ ਸਭਾ ਦੇ ਸਕੱਤਰ ਪਲਵਿੰਦਰ ਸਿੰਘ ਰੰਧਾਵਾ ਨੇ ਬਾਖੂਬੀ ਕੀਤਾ

# ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੀ ਨਵੀਂ ਕਮੇਟੀ ਨੇ ਕਾਰਜਭਾਰ ਸੰਭਾਲਿਆ


## ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਪਾਠ ਦੇ ਭੋਗ 26 ਮਾਰਚ ਨੂੰ





ਐਬਟਸਫੋਰਡ (ਦੇ. ਪ੍ਰ. ਬਿ.)-ਖਾਲਸਾ ਦੀਵਾਨ ਸੁਸਾਇਟੀ ਐਬਟਸਫੋਰਡ ਦੇ ਨਵੇਂ ਚੁਣੇ ਗਏ ਪ੍ਰਧਾਨ ਮਨਿੰਦਰ ਸਿੰਘ ਗਿੱਲ ਤੇ ਉਹਨਾਂ ਦੀ ਟੀਮ ਵਲੋਂ ਗੁਰਦੁਆਰਾ ਸਾਹਿਬ ਦਾ ਕਾਰਜਭਾਰ ਸੰਭਾਲ ਲਿਆ ਗਿਆ ਹੈ। ਬੀਤੇ ਦਿਨ ਸਾਬਕਾ ਪ੍ਰਧਾਨ ਜਤਿੰਦਰ ਸਿੰਘ ਹੈਪੀ ਗਿੱਲ ਨੇ ਨਵੀ ਕਮੇਟੀ ਨੂੰ ਗੁਰਦੁਆਰਾ ਸਾਹਿਬ ਦੇ ਸਾਰੇ ਪ੍ਰਬੰਧ ਸੌਂਪ ਦਿੱਤੇ। ਇਸ ਸਬੰਧੀ ਜਨਰਲ ਸਕੱਤਰ ਰਾਜਿੰਦਰ ਸਿੰਘ ਗਰੇਵਾਲ ਨੇ ਜਾਣਕਾਰੀ ਦਿੰਦਿਆਂ ਨਵੀਂ ਕਮੇਟੀ ਨੂੰ ਕਾਰਜਭਾਰ ਸੰਭਾਲਣ ਲਈ ਸੰਗਤ ਅਤੇ ਪੁਰਾਣੀ ਕਮੇਟੀ ਦਾ ਧੰਨਵਾਦ ਕੀਤਾ ਹੈ। ਉਹਨਾਂ ਦੱਸਿਆ ਕਿ ਨਵੀ ਪ੍ਰਬੰਧਕੀ ਕਮੇਟੀ ਵਲੋਂ ਵਾਹਿਗੁਰੂ ਦੇ ਸ਼ੁਕਰਾਨੇ ਵਜੋਂ ਇਸ ਸ਼ੁਕਰਵਾਰ 24 ਮਾਰਚ ਨੂੰ ਗੁਰਦੁਆਰਾ ਸਾਹਿਬ ਵਿਖੇ ਸ੍ਰੀ ਆਖੰਡ ਪਾਠ ਸਾਹਿਬ ਦੇ ਆਰੰਭ ਕਰਵਾਏ ਜਾਣਗੇ ਜਿਹਨਾਂ ਦੇ ਭੋਗ 26 ਮਾਰਚ ਦਿਨ ਐਤਵਾਰ ਨੂੰ ਸਵੇਰੇ 10 ਵਜੇ ਪਾਏ ਜਾਣਗੇ। ਉਹਨਾਂ ਸਮੂਹ ਸੰਗਤ ਨੂੰ ਇਸ ਮੌਕੇ ਹੁੰਮਹੁਮਾਕੇ ਪੁੱਜਣ ਦੀ ਅਪੀਲ ਕੀਤੀ ਹੈ। ਇਸ ਮੌਕੇ ਦੀਵਾਨ ਸਜਾਏ ਜਾਣਗੇ ਤੇ ਗੁਰੂ ਕੇ ਲੰਗਰ ਅਤੁਟ ਵਰਤਣਗੇ।

# ਜਗੀਰ ਸਿੰਘ ਜੌਹਲ ਨਮਿੱਤ ਅੰਤਿਮ ਅਰਦਾਸ 26 ਨੂੰ



ਸਰੀ-ਜਗੀਰ ਸਿੰਘ ਜੌਹਲ ਸਰੀ (ਬੀ. ਸੀ.) ਨਿਵਾਸੀ ਜੋ ਕਿ ਬੀਤੀ 14 ਮਾਰਚ, 2023 ਦਿਨ ਮੰਗਲਵਾਰ ਨੂੰ ਅਕਾਲ ਪੁਰਖ ਦੀ ਬਖਸ਼ੀ ਹੋਈ ਸਵਾਸਾਂ ਦੀ ਪੂੰਜੀ ਹੰਢਾ ਕੇ ਸਵਰਗਵਾਸ ਹੋ ਗਏ ਹਨ। ਜਗੀਰ ਜੌਹਲ ਜਿਨ੍ਹਾਂ ਦੇ ਅਚਾਨਕ ਵਿਛੋੜੇ ਨਾਲ ਪਰਿਵਾਰ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਆਪ ਇਕ ਸੰਗੀਤ ਪ੍ਰੇਮੀ ਯਾਰਾਂ ਦੇ ਯਾਰ, ਸੱਜਣ ਦਿਲਦਾਰ ਇਨਸਾਨ ਸਨ। ਜਿਨ੍ਹਾਂ ਦੀ ਘਾਟ ਕਦੇ ਵੀ ਪੂਰੀ ਨਹੀਂ ਹੋ ਸਕਦੀ। ਜਗੀਰ ਸਿੰਘ ਜੌਹਲ ਨਮਿਤ ਅੰਤਿਮ ਸੰਸਕਾਰ 26 ਮਾਰਚ, ਦਿਨ ਐਤਵਾਰ, 2023 ਨੂੰ ਬਾਅਦ ਦੁਪਹਿਰ 2 ਵਜੇ ਫਰੇਜਰ ਰਿਵਰ ਫਿਊਨਰਲ ਹੋਮ, ਡੈਲਟਾ ਵਿਖੇ ਹੋਵੇਗਾ। ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਰਖਾਏ ਗਏ ਪਾਠ ਦਾ ਭੋਗ ਦੁੱਖ ਨਿਵਾਰਨ ਗੁਰਦੁਆਰਾ ਸਾਹਿਬ ਜੋ ਕਿ 152 ਸਟਰੀਟ 68 ਐਵੀਨਿਊ ਸਰੀ ਦੇ ਵਿਚ ਹੈ ਵਿਖੇ ਅੰਤਿਮ ਅਰਦਾਸ ਹੋਵੇਗੀ। ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸਪੁੱਤਰ ਏ. ਜੇ. ਅਜੀਤ ਸਿੰਘ ਰਾਜਾ ਅਤੇ ਰਵੀ ਨਾਲ 604-715-3564, 604-617-9957 ਅਤੇ 604-584-3564 ’ਤੇ ਸੰਪਰਕ ਕੀਤਾ ਜਾ ਸਕਦਾ ਹੈ।




www.universalautocollison.com



Free Estimates
No Appointment necessary

UNIVERSAL AUTO COLLISON LTD.

- ICBC & Private Insurance Claims
- Body, Paints & Frame work
- computerized color matching
- custom paint
- windshield claims
- colison & Frame work
- frame & unibody repair experts



Kulwinder Sandhu
Ceo/owner

P: 604-596-2800 F:604-596-3800
#1-7680-134 St., Surrey,BC



Homeowner • Fleet • Business • Auto • Travel • Boats • Life • Critical • Cargo • Commercial



JASWINDER S. PARMAR (604-351-6539)

HOUSE INSURANCE

| HOUSE | CONTENTS | LIABILITY | PREMIUM |
|---|---|---|---|
| $450,000 | $315,000 | 1 Million | $302/YEAR |
| $550,000 | $385,000 | 1 Million | $346/YEAR |
| $650,000 | $455,000 | 1 Million | $407/YEAR |
| $750,000 | $525,000 | 1 Million | $467/YEAR |

Discounts may Vary due to individual circumstances and policy requirements.
Rates subject to change without notice.

Above Rates Includes: • Senior Discount • Claims Free Discount • New Home Discount • Mortgage Free Discount • Home Production Discount • Deductible Applicable • Monthly Payment Plan

Wawanesa Insurance

ICBC ਅਸੀਂ ਹਰ ਤਰ੍ਹਾਂ ਦੀ ਇੰਸ਼ੋਰੈਂਸ ਵਾਜਿਬ ਕੀਮਤ ’ਤੇ ਕਰਦੇ ਹਾਂ।

ਸਾਡੇ ਦਫ਼ਤਰ ਹਫ਼ਤੇ ਦੇ ਸੱਤੇ ਦਿਨ ਸਵੇਰੇ 9 ਵਜ਼ੇ ਤੋਂ ਸ਼ਾਮ 9 ਵਜ਼ੇ ਤੱਕ ਖੁੱਲ੍ਹਦੇ ਹਨ।

ਅਸੀਂ ਟਰੱਕਾਂ ਅਤੇ ਟਰੇਲਰਾਂ ਲਈ ਫਾਇਨੈਂਸਿੰਗ ਵੀ ਕਰਦੇ ਹਾਂ।

AMC INCURANCE SERVICES LTD

SURREY (HEAD OFFICE) Ph: 604-507-6666 #120,12888-80th Ave.
CLOVERDALE Ph: 604-576-6648 134-17455,Hwy 10
LANGLEY Ph:604-882-6000 160-20728 Willoughby Town Center Dr
COQUITLAM Ph: 604-939-2425 #404,552 Clarke Rd
COQUITLAM Ph: 604-942-3555 405-1192 Lansdowne Dr
VANCOUVER Ph: 604-876-0126 454 West Broadway
ABBOTSFORD Ph: 604-744-0360 31696 South Fraserway
NORTH VANCOUVER Ph: 604-985-3185 140 East 14th Street, North Vancouver

Call us to Save minimum 10% or more on your Insurance

# ਸਾਬਕਾ ਮੇਅਰ ਕੈਨੇਡੀ ਸਟੇਵਾਰਟ ਨੇ ਮਾਣਹਾਨੀ ਮਾਮਲੇ ਵਿਚ ਇਕ ਲੱਖ ਡਾਲਰ ਦਾ ਮੁਆਵਜ਼ਾ ਜਿੱਤਿਆ



ਵੈਨਕੂਵਰ-ਬ੍ਰਿਟਿਸ਼ ਕੋਲੰਬੀਆ ਸੁਪਰੀਮ ਕੋਰਟ ਦੇ ਜੱਜ ਨੇ ਫ਼ੈਸਲਾ ਦਿੱਤਾ ਕਿ ਨਾਨ-ਪਾਰਟੀਸ਼ਨ ਐਸੋਸੀਏਸ਼ਨ ਵਿਚ ਵੈਨਕੂਵਰ ਦੇ ਸਾਬਕਾ ਮੇਅਰ ਕੈਨੇਡੀ ਸਟੇਵਾਰਟ ਆਪਣੇ ਰਾਜਨੀਤਕ ਵਿਰੋਧੀਆਂ ਵਲੋਂ ਸ਼ੁਰੂ ਕੀਤੇ ਅਸਫਲ ਮਾਣਹਾਨੀ ਮਾਮਲੇ ਨਾਲ ਸਬੰਧਤ ਕਾਨੂੰਨੀ ਖਰਚਿਆਂ ਲਈ ਇਕ ਲੱਖ ਡਾਲਰ ਤੋਂ ਵੱਧ ਦੀ ਵਸੂਲੀ ਕਰ ਸਕਣਗੇ। ਜਸਟਿਸ ਵੇਂਡੀ ਬੇਕਰ ਨੇ 20 ਮਾਰਚ ਨੂੰ ਫ਼ੈਸਲਾ ਦਿੱਤਾ ਕਿ ਸਟੇਵਾਰਟ ਖਿਲਾਫ ਐਨਪੀਏ ਦੇ ਬੋਰਡ ਆਫ ਡਾਇਰੈਕਟਰਜ਼ ਦੇ ਮੌਜੂਦਾ ਤੇ ਸਾਬਕਾ ਮੈਂਬਰਾਂ ਵਲੋਂ ਦਾਇਰ ਮਾਣਹਾਨੀ ਮਾਮਲਾ ਇਕ ਪ੍ਰਤਿਸ਼ਠਾ ਤੇ ਜਨਤਕ ਪ੍ਰਗਟਾਵੇ ਵਿਚਕਾਰ ਜਾਇਜ਼ ਮੁਕਾਬਲੇ ਨਾਲੋਂ ਜਨਤਕ ਸ਼ਮੂਲੀਅਤ ਖਿਲਾਫ ਰਣਨੀਤਕ ਮੁਕੱਦਮਾ ਹੈ। ਇਕ ਵਾਰ ਪ੍ਰਭਾਵਸ਼ਾਲੀ ਵੈਨਕੂਵਰ ਸਿਵਕ ਪਾਰਟੀ ਦੇ ਬੋਰਡ ਮੈਂਬਰਾਂ ਨੇ ਜਨਵਰੀ 2021 ਵਿਚ ਨਿਊਜ਼ ਰਿਲੀਜ਼ ਜਾਰੀ ਕੀਤੇ ਜਾਣ ਪਿੱਛੋਂ ਸਟੇਵਾਰਟ ਖਿਲਾਫ ਕੇਸ ਕੀਤਾ ਸੀ ਅਤੇ ਇਸ ਰਿਲੀਜ਼ ਵਿਚ ਸੱਜੇ ਪੱਖੀ ਵਿਚਾਰਧਾਰਕ ਤਬਦੀਲੀ ਨੂੰ ਲੈ ਕੇ ਪਾਰਟੀ ਦੀ ਅੰਦਰੂਨੀ ਗੜਬੜ ਬਾਰੇ ਮੀਡੀਆ ਰਿਪੋਰਟਾਂ ਦੇ ਜਵਾਬ ਵਿਚ ਐਨਪੀਏ ਵਿਚ ਨਫਰਤ ਤੇ ਕੱਟੜਵਾਦ ਦੀ ਨਿਖੇਧੀ ਕੀਤੀ ਗਈ ਸੀ। ਜਸਟਿਸ ਬੇਕਰ ਨੇ ਪਾਇਆ ਕਿ ਮਾਣਹਾਨੀ ਦਾਅਵਿਆਂ ਵਿਚ ਕਾਫੀ ਦਮ ਸੀ ਪਰ ਕਿਹਾ ਕਿ ਸਟੇਵਾਰਟ ਦੇ ਬਿਆਨ ਅਕਸ ਨੂੰ ਖਰਾਬ ਕਰਨ ਵਾਲੇ ਨਹੀਂ ਸਨ ਅਤੇ ਸਹੀ ਖੇਡ ਸੀ ਕਿਉਂਕਿ ਮੁੱਦੇ ਜਨਤਕ ਹਿੱਤ ਵਿਚ ਸਨ ਅਤੇ ਉਨ੍ਹਾਂ ਦੀ ਵਿਆਪਕ ਚਰਚਾ ਹੋ ਰਹੀ ਸੀ। 22 ਜੁਲਾਈ 2022 ਨੂੰ ਕੇਸ ਖਾਰਜ ਹੋਣ ਪਿੱਛੋਂ ਸਟੇਵਾਰਟ ਨੇ ਨੁਕਸਾਨ ਦੀ ਮੰਗ ਕੀਤੀ ਸੀ।

# ਡਾਕਟਰ 'ਤੇ ਡੈਲਟਾ ਕਲੀਨਿਕ ਵਿਖੇ ਜਿਣਸੀ ਹਮਲਾ ਕਰਨ ਦਾ ਦੋਸ਼



ਸਰੀ-ਡਾਕਟਰ ਉਲਮੁਈਵਾ ਬਾਮਗਵੜੇ ਜਿਸ 'ਤੇ ਸਰੀ ਵਿਚ ਜਿਣਸੀ ਹਮਲੇ ਦਾ ਦੋਸ਼ ਲਗਾਇਆ ਗਿਆ ਸੀ ਹੁਣ ਡੈਲਟਾ ਵਿਚ ਇਕ ਇਸੇ ਤਰ੍ਹਾਂ ਦੇ ਇਕ ਹੋਰ ਦੋਸ਼ ਦਾ ਸਾਹਮਣਾ ਕਰ ਰਿਹਾ ਹੈ। 54 ਸਾਲਾ ਡਾ. ਬਾਮਗਬਾੜੇ 'ਤੇ ਡੈਲਟਾ ਵਿਚ 103-8425 120ਵੀਂ ਸਟਰੀਟ ਵਿਖੇ ਸਥਿਤ ਸਲੇਮ ਅਨੱਸਥੀਸੀਆ ਕਲੀਨਿਕ ਵਿਖੇ ਆਪਣੀ ਪ੍ਰੈਕਟਿਸ ਦੌਰਾਨ 2019 ਵਿਚ ਜਿਣਸੀ ਹਮਲਾ ਕਰਨ ਨਾਲ ਸਬੰਧਤ 16 ਮਾਰਚ ਨੂੰ ਦੋਸ਼ ਲਗਾਇਆ ਗਿਆ ਹੈ। ਇਸ ਕਲੀਨਿਕ ਨੂੰ ਬਾਅਦ ਵਿਚ ਅਕਤੂਬਰ 2021 ਵਿਚ ਸਰੀ ਵਿਚ 6638 152ਏ ਸਟਰੀਟ ਲਿਜਾਇਆ ਗਿਆ ਸੀ। ਪੁਲਿਸ ਨੂੰ ਸਾਬਕਾ ਮਰੀਜ਼ਾਂ ਦੀਆਂ ਬਾਮਗਬੜੇ ਖਿਲਾਫ ਉਸ ਦੇ ਕਲੀਨਿਕ ਵਿਖੇ ਇਲਾਜ ਦੌਰਾਨ ਜਿਣਸੀ ਹਮਲੇ ਕਰਨ ਦੀਆਂ ਚਾਰ ਸ਼ਿਕਾਇਤਾਂ ਮਿਲੀਆਂ ਸਨ ਜਿਨ੍ਹਾਂ ਦੇ ਨਤੀਜੇ ਵਜੋਂ ਦੋ ਦੋਸ਼ ਲਗਾਏ ਗਏ ਹਨ। 18 ਜੁਲਾਈ ਨੂੰ ਇਕ ਔਰਤ ਮਰੀਜ਼ ਵਲੋਂ ਮਿਲੀ ਰਿਪੋਰਟ 'ਤੇ ਸਰੀ ਆਰਸੀਐਮਪੀ ਦੀ ਜਾਂਚ ਨਾਲ ਸਬੰਧਤ ਜਿਣਸੀ ਹਮਲੇ ਦਾ ਇਕ ਦੋਸ਼ ਬਾਮਗਬੜੇ ਖਿਲਾਫ 13 ਸਤੰਬਰ 2022 ਨੂੰ ਲਗਾਇਆ ਗਿਆ ਸੀ। ਬਾਅਦ ਵਿਚ ਬਾਮਗਬੜੇ ਸਰੀ ਕੋਰਟਹਾਊਸ ਵਿਚ ਪੇਸ਼ ਹੋ ਗਿਆ ਜਿਥੇ ਜੱਜ ਨੇ ਉਸ ਨੂੰ ਸ਼ਰਤਾਂ ਤਹਿਤ ਰਿਲੀਜ਼ ਕਰ ਦਿੱਤਾ ਜਿਸ ਵਿਚ ਇਕ ਇਹ ਵੀ ਸ਼ਰਤ ਸ਼ਾਮਿਲ ਸੀ ਕਿ ਉਹ ਔਰਤ ਮਰੀਜ਼ ਦੀ ਸਰੀਰਕ ਜਾਂਚ ਦੌਰਾਨ ਜਾਂਚ ਕਮਰੇ ਵਿਚ ਇਕੱਲਾ ਨਹੀਂ ਹੋਵੇਗਾ। ਔਰਤ ਮਰੀਜ਼ਾਂ ਦੀ ਜਾਂਚ ਇਕ ਔਰਤ ਦੀ ਮੌਜੂਦਗੀ ਵਿਚ ਕੀਤੀ ਜਾਵੇ ਅਤੇ ਇਨ੍ਹਾਂ ਸ਼ਰਤਾਂ ਦੇ ਨੋਟਿਸ ਉਸ ਦੇ ਦਫ਼ਤਰ ਅਤੇ ਉਸ ਦੇ ਹਰੇਕ ਜਾਂਚ ਕਮਰੇ 'ਤੇ ਲਗਾਏ ਜਾਣ।

## ਮੈਨੀਟੋਬਾ ਫਸਟ ਨੇਸ਼ਨ ਮੁਖੀ ਵਲੋਂ ਨਸ਼ੇ ਦੇ ਸੰਕਟ ਲਈ ਸਰਕਾਰ ਨੂੰ ਮਦਦ ਕਰਨ ਦੀ ਅਪੀਲ

ਵਿੰਨੀਪੈਗ-ਉੱਤਰੀ ਪੂਰਬੀ ਮਨੀਟੋਬਾ ਵਿਚ ਰਿਮੋਟ ਫਸਟ ਨੇਸ਼ਨ ਦੇ ਚੀਫ਼ ਨੇ 14 ਸਾਲ ਦੀਆਂ ਦੋ ਲੜਕੀਆਂ ਦੀ ਮੌਤ ਪਿੱਛੋਂ ਉਨ੍ਹਾਂ ਦੀ ਕਮਿਊਨਿਟੀ ਨੂੰ ਪੁਲਿਸ ਤਾਕਤਾਂ ਦੇਣ ਅਤੇ ਮੌਤਾਂ ਦੀ ਕੋਰੋਨਰ ਜਾਂਚ ਦੀ ਮੰਗ ਕੀਤੀ ਹੈ। ਪਹਿਲੀ ਮਾਰਚ ਨੂੰ ਦੋਵੇਂ ਲੜਕੀਆਂ ਸੇਂਟ ਥੇਰੇਸਾ ਪੁਆਇੰਟ ਫਸਟ ਨੇਸ਼ਨ ਵਿਚ ਇਕ ਘਰ ਦੇ ਬਾਹਰੋਂ ਮਿਲੀਆਂ ਸਨ ਅਤੇ ਉਨ੍ਹਾਂ ਨੂੰ ਨਰਸਿੰਗ ਸਟੇਸ਼ਨ ਲਿਜਾਇਆ ਗਿਆ ਜਿਥੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਇਹ ਸ਼ੱਕ ਕੀਤਾ ਜਾਂਦਾ ਹੈ ਕਿ ਲੜਕੀਆਂ ਲੰਬਾ ਸਮਾਂ ਬਾਹਰ ਰਹਿ ਗਈਆਂ ਸਨ। ਕਮਿਊਨਿਟੀ ਨੇ ਦੋਵਾਂ ਲੜਕੀਆਂ ਦੀ ਪਛਾਣ ਡੇਨਾ ਸ਼ਿੰਗੂਜ ਅਤੇ ਐਮਿਲੀ ਮੇਸਨ ਵਜੋਂ ਕੀਤੀ ਹੈ। ਫਸਟ ਨੇਸ਼ਨ ਚੀਫ ਐਲਵਿਨ ਫਸੇਟ ਨੇ ਕਿਹਾ ਕਿ ਲਗਦਾ ਹੈ ਕਿ ਲੜਕੀਆਂ ਦੀ ਮੌਤ ਹਾਈਪੋਥਰਮੀਆਂ ਨਾਲ ਹੋ ਗਈ ਕਿਉਂਕਿ ਉਸ ਰਾਤ ਤਾਪਮਾਨ ਮਨਫੀ 23 ਡਿਗਰੀ ਸੈਲਸੀਅਸ 'ਤੇ ਪਹੁੰਚਿਆ ਹੋਇਆ ਸੀ ਪਰ ਸ਼ੱਕ ਕੀਤਾ ਜਾਂਦਾ ਹੈ ਕਿ ਉਨ੍ਹਾਂ ਦੀ ਮੌਤ ਵਿਚ ਨਸ਼ੇ ਦੀ ਵਰਤੋਂ ਨੇ ਭੂਮਿਕਾ ਨਿਭਾਈ ਹੈ। ਉਹ ਚਾਹੁੰਦਾ ਹੈ ਕਿ ਫੈਡਰਲ ਤੇ ਮਨੀਟੋਬਾ ਸਰਕਾਰਾਂ ਕਮਿਊਨਿਟੀ ਵਿਚ ਵਧ ਰਹੀ ਨਸ਼ੇ ਦੀ ਸਮੱਸਿਆ ਨੂੰ ਹੱਲ ਕਰਨ ਲਈ ਸੇਂਟ ਥੇਰੇਸਾ ਪੁਆਇੰਟ ਨਾਲ ਤਿੰਨ ਧਿਰੀ ਸਮਝੌਤਾ ਕਰਨ। ਵਿਨੀਪੈਗ ਨੇ ਫਲੇਟ ਨੇ ਇਕ ਪ੍ਰੈਸ ਕਾਨਫਰੰਸ ਵਿਚ ਦੱਸਿਆ ਕਿ ਸੇਂਟ ਥੇਰੇਸਾ ਪੁਆਇੰਟ ਨਸ਼ਿਆਂ ਅਤੇ ਨਸ਼ਾਖੋਰੀ ਦੇ ਸੰਕਟ ਵਿਚ ਫਸਿਆ ਹੋਇਆ ਹੈ।

## ਪਬਲਿਕ-ਪ੍ਰਾਈਵੇਟ ਭਾਈਵਾਲੀ ਨਾਲ ਮੈਨੀਟੋਬਾ ਨਵੇਂ ਸਕੂਲਾਂ ਦਾ ਨਿਰਮਾਣ ਕਰੇਗਾ

ਵਿਨੀਪੈਗ-ਮਨੀਟੋਬਾ ਸਰਕਾਰ ਨੇ ਪਬਲਿਕ-ਪ੍ਰਾਈਵੇਟ ਭਾਈਵਾਲੀ ਮਾਡਲ ਤਹਿਤ 9 ਨਵੇਂ ਸਕੂਲਾਂ ਦਾ ਨਿਰਮਾਣ ਕਰਨ ਦੀਆਂ ਯੋਜਨਾਵਾਂ ਦਾ ਐਲਾਨ ਕੀਤਾ ਸੀ। ਪੰਜ ਸਾਲ ਪਹਿਲਾਂ ਸਰਕਾਰ ਨੇ ਇਸ ਤਰ੍ਹਾਂ ਦੀ ਤਜਵੀਜ਼ ਛੱਡ ਦਿੱਤੀ ਸੀ। ਸਰਕਾਰੀ ਸੇਵਾਵਾਂ ਬਾਰੇ ਮੰਤਰੀ ਜੇਮਸ ਟੇਟਸਮਾ ਨੇ ਕਿਹਾ ਕਿ ਨੌ ਸਕੂਲਾਂ ਨੂੰ ਇਕੋ ਟੈਂਡਰ ਤਹਿਤ ਨਿਰਮਾਣ ਲਈ ਸੌਂਪਿਆ ਜਾਵੇਗਾ ਅਤੇ ਡਿਵੈਲਪਰ ਚੱਲ ਰਹੇ ਵੱਡੇ ਰੱਖ-ਰਖਾਅ ਅਤੇ ਉਸਾਰੀ ਦੇ ਕੰਮਾਂ ਦਾ ਇੰਚਾਰਜ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸਕੂਲਾਂ ਨੂੰ ਇਕੱਠੇ ਕਰਨ ਦਾ ਮਕਸਦ ਸਮਾਂ ਦੀ ਹੱਦ ਨੂੰ ਤੇਜ਼ੀ ਵਿਚ ਰੱਖਣਾ ਅਤੇ ਇਹ ਯਕੀਨੀ ਬਣਾਉਣਾ ਹੈ ਕਿ ਹੋਰ ਸਕੂਲਾਂ ਦਾ ਨਿਰਮਾਣ ਜ਼ਿਆਦਾ ਤੇਜ਼ੀ ਨਾਲ ਕੀਤਾ ਜਾਵੇ। ਟੇਟਸਮਾ ਨੇ ਇਸ ਦਾ ਐਲਾਨ ਇਕ ਸਕੂਲ ਵਿਖੇ ਪ੍ਰੈਸ ਕਾਨਫਰੰਸ ਵਿਚ ਕੀਤਾ ਜਿਸ ਨੂੰ ਵਿਨੀਪੈਗ ਦੇ ਦੱਖਣ ਪੱਛਮ ਵਿਚ ਇਸੇ ਸਾਲ ਖੋਲ੍ਹਿਆ ਗਿਆ ਸੀ।

## ਮੈਨੀਟੋਬਾ ਘੱਟੋ ਘੱਟ ਉਜਰਤ ਨੂੰ ਵਧਾ ਕੇ 15.30 ਡਾਲਰ ਕਰੇਗਾ

ਵਿੰਨੀਪੈਗ-ਸੂਬਾ ਸਰਕਾਰ ਨੇ ਐਲਾਨ ਕੀਤਾ ਕਿ ਰਹਿਣ ਸਹਿਣ ਦੀ ਵੱਧ ਰਹੀ ਲਾਗਤ ਨਾਲ ਨਜਿੱਠਣ ਲਈ ਘੱਟ ਆਮਦਨ ਵਾਲੇ ਲੋਕਾਂ ਦੀ ਮਦਦ ਵਾਸਤੇ ਪਹਿਲੀ ਅਕਤੂਬਰ ਤੋਂ ਸੂਬਾ ਘੱਟੋ ਘੱਟ ਉਜਰਤ ਨੂੰ ਪ੍ਰਤੀ ਘੰਟਾ ਵਧਾ ਕੇ 15.30 ਡਾਲਰ ਕਰ ਦੇਵੇਗਾ। ਉਜਰਤ ਨੂੰ ਆਮ ਤੌਰ 'ਤੇ ਹਰੇਕ ਬਸੰਤ ਵਿਚ ਮਹਿੰਗਾਈ ਮੁਤਾਬਿਕ ਤਹਿ ਕੀਤਾ ਜਾਂਦਾ ਹੈ ਅਤੇ ਮੌਜੂਦਾ ਸਮੇਂ ਇਹ 13.50 ਡਾਲਰ ਪ੍ਰਤੀ ਘੰਟਾ ਹੈ। ਪਿਛਲੇ ਪੱਤਝੜ ਵਿਚ ਸਰਕਾਰ ਵਲੋਂ ਮਹਿੰਗਾਈ ਨਾਲ ਲੜਨ ਲਈ ਐਲਾਨ ਉਪਾਵਾਂ ਦੇ ਹਿੱਸੇ ਵਜੋਂ ਉਜਰਤ ਪਹਿਲਾਂ ਹੀ ਪਹਿਲੀ ਅਪ੍ਰੈਲ ਤੋਂ 14.15 ਡਾਲਰ ਪ੍ਰਤੀ ਘੰਟਾ ਹੋਣ ਵਾਲੀ ਹੈ।







# ਅੰਮ੍ਰਿਤਪਾਲ ਸਿੰਘ ਭੇਸ ਬਦਲਕੇ ਪੰਜਾਬ 'ਚੋਂ ਬਾਹਰ ਨਿਕਲਿਆ

## ਦੂਸਰੇ ਸੂਬਿਆਂ ਵਿਚ ਹਾਈ ਅਲਰਟ ਜਾਰੀ-ਸ਼ਾਹਬਾਦ ਤੋਂ ਪਨਾਹ ਦੇਣ ਵਾਲੀ ਇਕ ਔਰਤ ਗ੍ਰਿਫ਼ਤਾਰ

'ਵਾਰਿਸ ਪੰਜਾਬ ਦੇ' ਦਾ ਮੁਖੀ ਅੰਮ੍ਰਿਤਪਾਲ ਸਿੰਘ ਭੇਸ ਬਦਲ ਕੇ ਪੰਜਾਬ ਦੀ ਜੂਹ ਛੱਡਣ ਵਿੱਚ ਕਾਮਯਾਬ ਹੋ ਗਿਆ ਹੈ, ਜਿਸ ਮਗਰੋਂ ਦੂਸਰੇ ਸੂਬਿਆਂ ਦੀ ਪੁਲੀਸ ਨੇ ਵੀ ਅਲਰਟ ਜਾਰੀ ਕਰ ਦਿੱਤਾ ਹੈ। ਪੰਜਾਬ ਦੇ ਸ਼ਾਹਕੋਟ ਤੋਂ ਅੰਮ੍ਰਿਤਪਾਲ ਸਿੰਘ ਕਰੀਬ ਛੱਤੀ ਘੰਟਿਆਂ ਵਿੱਚ ਹਰਿਆਣਾ ਦੇ ਸ਼ਾਹਬਾਦ 'ਚ ਪੁੱਜਿਆ, ਜਿੱਥੇ ਉਸ ਨੇ ਇੱਕ ਔਰਤ ਬਲਜੀਤ ਕੌਰ ਦੇ ਘਰ 19 ਮਾਰਚ ਦੀ ਰਾਤ ਨੂੰ ਪਨਾਹ ਲਈ ਸੀ। ਦੂਸਰੇ ਦਿਨ ਹੀ ਅੰਮ੍ਰਿਤਪਾਲ ਸਿੰਘ ਅਤੇ ਉਸ ਦੇ ਸਾਥੀ ਪਪਲਪ੍ਰੀਤ ਸਿੰਘ ਨੇ ਸ਼ਾਹਬਾਦ ਤੋਂ ਅੱਗੇ ਚਾਲੇ ਪਾ ਦਿੱਤੇ ਸਨ। ਪੰਜਾਬ ਤੇ ਹਰਿਆਣਾ ਪੁਲੀਸ ਨੇ ਸਾਂਝਾ ਅਪਰੇਸ਼ਨ ਕਰ ਕੇ ਬਲਜੀਤ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਵੇਰਵਿਆਂ ਅਨੁਸਾਰ ਬਲਜੀਤ ਕੌਰ ਦੀ ਪੁੱਛ-ਪੜਤਾਲ ਤੋਂ ਸੰਕੇਤ ਮਿਲੇ ਹਨ ਕਿ ਅੰਮ੍ਰਿਤਪਾਲ ਸਿੰਘ ਆਪਣੇ ਸਾਥੀ ਪਪਲਪ੍ਰੀਤ ਸਿੰਘ ਸਮੇਤ ਉੱਤਰਾਖੰਡ 'ਚ ਦਾਖ਼ਲ ਹੋ ਸਕਦਾ ਹੈ। ਪੁਲੀਸ ਨੂੰ ਖ਼ਦਸ਼ਾ ਹੈ ਕਿ ਅੰਮ੍ਰਿਤਪਾਲ ਸਿੰਘ ਅੱਗੇ ਨੇਪਾਲ ਜਾਣ ਦੀ ਕੋਸ਼ਿਸ਼ ਵਿੱਚ ਹੋ ਸਕਦਾ ਹੈ। ਪਤਾ ਲੱਗਿਆ ਹੈ ਕਿ ਅੱਧੀ ਦਰਜਨ ਸੂਬਿਆਂ 'ਚ ਅਲਰਟ ਜਾਰੀ ਹੋ ਚੁੱਕਿਆ ਹੈ ਤੇ ਅੰਮ੍ਰਿਤਪਾਲ ਖ਼ਿਲਾਫ਼ ਲੁੱਕਆਊਟ ਸਰਕੂਲਰ ਵੀ ਪਹਿਲਾਂ ਜਾਰੀ ਹੋਇਆ ਹੈ। ਕੌਮਾਂਤਰੀ ਭਾਰਤ-ਪਾਕਿ ਸਰਹੱਦ 'ਤੇ ਅੰਮ੍ਰਿਤਪਾਲ ਸਿੰਘ ਦੀਆਂ ਤਸਵੀਰਾਂ ਨਸ਼ਰ ਕਰ ਦਿੱਤੀਆਂ ਗਈਆਂ ਹਨ। ਪੁਲੀਸ ਸੀਸੀਟੀਵੀ ਫੁਟੇਜ ਜ਼ਰੀਏ ਅੰਮ੍ਰਿਤਪਾਲ ਦੀ ਪੈੜ ਨੱਪ ਰਹੀ ਹੈ।



ਪੰਜਾਬ ਪੁਲੀਸ ਨੇ ਅੰਮ੍ਰਿਤਪਾਲ ਸਿੰਘ ਅਤੇ ਸਾਥੀਆਂ ਖ਼ਿਲਾਫ਼ ਅੱਠ ਪੁਲੀਸ ਕੇਸ ਦਰਜ ਕੀਤੇ ਹਨ। ਪੁਲੀਸ ਨੇ ਹੁਣ ਤੱਕ 207 ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਹੈ, ਜਿਨ੍ਹਾਂ 'ਚੋਂ 30 ਵਿਅਕਤੀਆਂ ਖ਼ਿਲਾਫ਼ ਫ਼ੌਜਦਾਰੀ ਮੁਕੱਦਮੇ ਦਰਜ ਕੀਤੇ ਗਏ ਹਨ ਜਦੋਂ ਕਿ 177 ਜਣਿਆ ਨੂੰ ਧਾਰਾ 107,151 ਤਹਿਤ ਹੀ ਹਿਰਾਸਤ 'ਚ ਰੱਖਿਆ ਹੈ। ਅੱਜ ਬਾਬਾ ਬਕਾਲਾ ਅਦਾਲਤ ਨੇ 11 ਜਣਿਆਂ ਨੂੰ ਨਿਆਂਇਕ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਸੇ ਦੌਰਾਨ ਖੰਨਾ ਪੁਲੀਸ ਨੇ ਅੰਮ੍ਰਿਤਪਾਲ ਦੇ ਗੰਨਮੈਨ ਰਹੇ ਤੇਜਿੰਦਰ ਗਿੱਲ ਉਰਫ਼ ਗੋਰਖਾ ਬਾਬਾ ਨੂੰ ਵੀ ਗ੍ਰਿਫ਼ਤਾਰ ਕੀਤਾ ਹੈ, ਜਿਸ ਤੋਂ ਪਿੰਡ ਜੱਲੂਪੁਰ ਖੇੜਾ 'ਚ ਫਾਇਰਿੰਗ ਰੇਂਜ ਬਣਾ ਕੇ ਸਿਖਲਾਈ ਲੈਣ ਦੀ ਗੱਲ ਸਾਹਮਣੇ ਆਈ ਹੈ। ਦੂਸਰੇ ਪਾਸੇ ਸਿਆਸੀ ਤੌਰ 'ਤੇ ਪੰਜਾਬ ਵਿੱਚ ਸਰਕਾਰ ਪ੍ਰਤੀ ਅਜਿਹਾ ਨਜ਼ਰੀਆ ਬਣਨਾ ਸ਼ੁਰੂ ਹੋ ਗਿਆ ਹੈ ਕਿ ਪੰਜਾਬ ਪੁਲੀਸ ਸੂਬੇ ਦੇ ਬੇਕਸੂਰ ਨੌਜਵਾਨਾਂ ਨੂੰ ਫੜ ਰਹੀ ਹੈ। ਸ਼੍ਰੋਮਣੀ ਅਕਾਲੀ ਦਲ ਨੇ ਬਕਾਇਦਾ ਇੱਕ ਕਾਨੂੰਨੀ ਟੀਮ ਬਣਾ ਦਿੱਤੀ ਹੈ ਅਤੇ ਕਾਂਗਰਸੀ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਬੇਕਸੂਰ ਨੌਜਵਾਨਾਂ ਦੇ ਹੱਕ ਵਿੱਚ ਨਾਅਰਾ ਮਾਰਿਆ ਹੈ। ਬੇਸ਼ੱਕ ਪੰਜਾਬ ਵਿੱਚ ਇਸ ਵੇਲੇ ਅੰਮ੍ਰਿਤਪਾਲ ਸਿੰਘ ਦੇ ਸਮਰਥਨ 'ਚ ਕੋਈ ਧਰਨਾ ਨਜ਼ਰ ਨਹੀਂ ਆ ਰਿਹਾ ਹੈ ਪ੍ਰੰਤੂ ਮੌਜੂਦਾ ਸਰਕਾਰ ਖ਼ਿਲਾਫ਼ ਸਿਆਸੀ ਬਿਰਤਾਂਤ ਬਣਨ ਲੱਗਾ ਹੈ।



# ਕੋਟਕਪੂਰਾ ਗੋਲੀ ਕਾਂਡ ਮਾਮਲੇ ਵਿਚ ਅਦਾਲਤ 'ਚ ਪੇਸ਼ ਹੋਏ ਦੋਵੇਂ ਬਾਦਲ

ਫ਼ਰੀਦਕੋਟ-ਕੋਟਕਪੂਰਾ ਗੋਲੀ ਕਾਂਡ ਵਿੱਚ ਅੱਜ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਸਾਬਕਾ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨਿੱਜੀ ਤੌਰ 'ਤੇ ਸਥਾਨਕ ਅਦਾਲਤ ਵਿੱਚ ਪੇਸ਼ ਹੋਏ। ਅਦਾਲਤ ਨੇ ਹਾਈ ਕੋਰਟ ਦੇ ਹੁਕਮਾਂ 'ਤੇ ਦੋਵੇਂ ਬਾਦਲਾਂ ਨੂੰ 5-5 ਲੱਖ ਦੇ ਜ਼ਮਾਨਤਨਾਮੇ ਭਰਨ ਤੋਂ ਬਾਅਦ ਚੱਲਦੇ ਮੁਕੱਦਮੇ ਤੱਕ ਜ਼ਮਾਨਤ 'ਤੇ ਰਿਹਾਅ ਕਰਨ ਦਾ ਹੁਕਮ ਦਿੱਤਾ। ਅਦਾਲਤ ਨੇ ਸਾਬਕਾ ਮੁੱਖ ਮੰਤਰੀ ਅਤੇ ਉਪ ਮੁੱਖ ਮੰਤਰੀ ਨੂੰ 7 ਹਜ਼ਾਰ ਪੰਨਿਆਂ ਦੇ ਚਲਾਨ ਦੀ ਨਕਲ ਵੀ ਸੌਂਪੀ ਹੈ। ਦੋ ਘੰਟੇ ਦੇਰੀ ਨਾਲ ਅਦਾਲਤ ਵਿੱਚ ਪੁੱਜੇ ਬਾਦਲਾਂ ਦੀ ਪੇਸ਼ੀ ਸਮੇਂ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਗਏ ਸਨ ਅਤੇ ਅਦਾਲਤ ਦੇ ਬਾਹਰ 2 ਹਜ਼ਾਰ ਤੋਂ ਵੱਧ ਅਕਾਲੀ ਦਲ ਦੇ ਵਰਕਰ ਮੌਜੂਦ ਸਨ। ਅਦਾਲਤੀ ਕੰਪਲੈਕਸ ਵਿੱਚ ਬਾਦਲਾਂ ਦੀ ਪੇਸ਼ੀ ਸਮੇਂ ਹਰਸਿਮਰਤ ਕੌਰ ਬਾਦਲ, ਬਿਕਰਮ ਸਿੰਘ ਮਜੀਠੀਆ, ਸਿਕੰਦਰ ਸਿੰਘ ਮਲੂਕਾ, ਦਲਜੀਤ ਸਿੰਘ ਚੀਮਾ, ਪ੍ਰੇਮ ਸਿੰਘ ਚੰਦੂਮਾਜਰਾ ਸਮੇਤ ਅਕਾਲੀ ਦਲ ਦੀ ਸਮੁੱਚੀ ਕੋਰ ਕਮੇਟੀ ਦੇ ਮੈਂਬਰ ਹਾਜ਼ਰ ਸਨ। ਪ੍ਰਕਾਸ਼ ਸਿੰਘ ਬਾਦਲ ਪੇਸ਼ੀ ਭੁਗਤਣ ਤੋਂ ਬਾਅਦ ਬਿਨਾਂ ਕੋਈ ਗੱਲਬਾਤ ਕੀਤਿਆਂ ਪਰਤ ਗਏ ਜਦੋਂ ਕਿ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਉਨ੍ਹਾਂ ਨੂੰ ਸੂਬਾ ਸਰਕਾਰ ਨੇ ਜਾਣਬੁੱਝ ਕੇ ਬਦਨਾਮ ਕਰਨ ਲਈ ਝੂਠੇ ਕੇਸ ਵਿੱਚ ਫਸਾਇਆ ਹੈ। ਉਨ੍ਹਾਂ ਕਿਹਾ ਕਿ ਨਿਆਂ ਪ੍ਰਣਾਲੀ ਵਿੱਚ ਉਨ੍ਹਾਂ ਨੂੰ ਪੂਰਨ ਭਰੋਸਾ ਹੈ ਅਤੇ ਜਲਦ ਹੀ ਇਨਸਾਫ਼ ਮਿਲੇਗਾ।



### ਸੁਮੇਧ ਸੈਣੀ, ਉਮਰਾਨੰਗਲ, ਚਾਹਲ ਤੇ ਚਰਨਜੀਤ ਸ਼ਰਮਾ ਅਦਾਲਤ 'ਚ ਪੇਸ਼ ਨਹੀਂ ਹੋਏ

ਕੋਟਕਪੂਰਾ ਗੋਲੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਹੋਏ ਫਰੀਦਕੋਟ ਦੇ ਸਾਬਕਾ ਐੱਸਐੱਸਪੀ ਸੁਖਮਿੰਦਰ ਸਿੰਘ ਮਾਨ ਅਤੇ ਥਾਣਾ ਸਿਟੀ ਕੋਟਕਪੂਰਾ ਦੇ ਐੱਸਐੱਚਓ ਗੁਰਦੀਪ ਸਿੰਘ ਪੰਧੇਰ ਵੀ ਅਦਾਲਤ ਵਿੱਚ ਪੇਸ਼ ਹੋਏ। ਅਦਾਲਤ ਨੇ ਇਨ੍ਹਾਂ ਦੋਵਾਂ ਨੂੰ ਵੀ 5-5 ਲੱਖ ਦੇ ਮੁਚੱਲਕੇ ਭਰਨ ਤੋਂ ਬਾਅਦ ਜ਼ਮਾਨਤ ਦੇ ਦਿੱਤੀ। ਅਦਾਲਤ ਦੇ ਹੁਕਮ ਦੇ ਬਾਵਜੂਦ ਪੰਜਾਬ ਦੇ ਸਾਬਕਾ ਡੀਜੀਪੀ ਸੁਮੇਧ ਸਿੰਘ ਸੈਣੀ, ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਡੀਆਈਜੀ ਅਮਰ ਸਿੰਘ ਚਾਹਲ ਅਤੇ ਸਾਬਕਾ ਐੱਸਐੱਸਪੀ ਚਰਨਜੀਤ ਸ਼ਰਮਾ ਅਦਾਲਤ ਵਿੱਚ ਪੇਸ਼ ਨਹੀਂ ਹੋਏ। ਅਦਾਲਤ ਨੇ ਪੇਸ਼ ਨਾ ਹੋਣ ਵਾਲੇ ਮੁਲਜ਼ਮਾਂ ਨੂੰ ਦੁਬਾਰਾ ਨੋਟਿਸ ਜਾਰੀ ਕੀਤਾ ਹੈ ਅਤੇ ਇਸ ਕੇਸ ਦੀ ਅਗਲੀ ਤਾਰੀਖ 12 ਅਪਰੈਲ ਨਿਸਚਿਤ ਕੀਤੀ ਹੈ। ਇਸੇ ਦਰਮਿਆਨ ਪੰਜਾਬ ਤੇ ਹਰਿਆਣਾ ਹਾਈਕੋਰਟ ਨੇ ਕੋਟਕਪੂਰਾ ਗੋਲੀ ਕਾਂਡ ਵਿੱਚ ਮੁਲਜ਼ਮ ਵਜੋਂ ਨਾਮਜ਼ਦ ਹੋਏ ਸਾਬਕਾ ਡੀਜੀਪੀ ਸੈਣੀ, ਉਮਰਾਨੰਗਲ ਅਤੇ ਚਰਨਜੀਤ ਸ਼ਰਮਾ ਨੂੰ ਅਗਾਊਂ ਜ਼ਮਾਨਤ ਦੇ ਦਿੱਤੀ ਹੈ ਅਤੇ ਉਨ੍ਹਾਂ ਨੂੰ ਵੀ ਫਰੀਦਕੋਟ ਅਦਾਲਤ ਵਿੱਚ ਪੇਸ਼ ਹੋ ਕੇ ਜ਼ਮਾਨਤਨਾਮਾ ਭਰਨ ਦੇ ਨਿਰਦੇਸ਼ ਦਿੱਤੇ ਗਏ ਹਨ।

# ਉਡਾਣ ਭਰਨ ਦੇ ਨਾਲ ਹੀ ਘਰ ਦੇ ਉਤੇ ਕਰੈਸ਼ ਹੋਇਆ ਗਲਾਈਡਰ-2 ਜ਼ਖਮੀ

ਧਨਬਾਦ-ਝਾਰਖੰਡ ਦੇ ਧਨਬਾਦ 'ਚ ਬਰਵੱਡਾ ਏਅਰਪੋਰਟ ਨੇੜੇ ਇਕ ਨਿੱਜੀ ਘਰ 'ਤੇ ਗਲਾਈਡਰ ਕ੍ਰੈਸ਼ ਹੋਣ ਦੀ ਖਬਰ ਹੈ। ਇਸ ਘਟਨਾ 'ਚ 2 ਲੋਕ ਗੰਭੀਰ ਜ਼ਖਮੀ ਦੱਸੇ ਜਾ ਰਹੇ ਹਨ। ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ 'ਚ ਭਰਤੀ ਕਰਵਾਇਆ ਗਿਆ ਹੈ। ਜਾਣਕਾਰੀ ਮੁਤਾਬਿਕ ਜਿਵੇਂ ਹੀ ਗਲਾਈਡਰ ਨੇ ਏਅਰਪੋਰਟ ਤੋਂ ਉਡਾਣ ਭਰੀ ਤਾਂ ਉਸ 'ਚ ਕੁਝ ਤਕਨੀਕੀ ਖਰਾਬੀ ਆ ਗਈ। ਗਲਾਈਡਰ ਕਰੀਬ 500 ਮੀਟਰ ਦੀ ਦੂਰੀ 'ਤੇ ਹਾਦਸਾਗ੍ਰਸਤ ਹੋ ਗਿਆ। ਸਥਾਨਕ ਪ੍ਰਸ਼ਾਸਨ ਨੂੰ ਜਿਵੇਂ ਹੀ ਇਸ ਗਲਾਈਡਰ ਦੇ ਹਾਦਸਾਗ੍ਰਸਤ ਹੋਣ ਦਾ ਪਤਾ ਲੱਗਾ ਤਾਂ ਜ਼ਿਲ੍ਹਾ ਪ੍ਰਸ਼ਾਸਨ ਹਰਕਤ ਵਿੱਚ ਆ ਗਿਆ। ਪੁਲਿਸ ਅਤੇ ਪ੍ਰਸ਼ਾਸਨ ਨੇ ਮੌਕੇ 'ਤੇ ਪਹੁੰਚ ਕੇ ਪੂਰੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਘਟਨਾ ਦੀ ਸੂਚਨਾ ਮਿਲਦੇ ਹੀ ਸਥਾਨਕ ਲੋਕਾਂ ਦੀ ਭੀੜ ਮੌਕੇ 'ਤੇ ਇਕੱਠੀ ਹੋ ਗਈ। ਦਰਅਸਲ, ਕੁਝ ਸਮੇਂ ਤੋਂ ਲੋਕਾਂ ਨੂੰ ਗਲਾਈਡਰ ਰਾਹੀਂ ਧਨਬਾਦ ਦੀ ਯਾਤਰਾ 'ਤੇ ਲਿਜਾਇਆ ਜਾ ਰਿਹਾ ਸੀ।




ਗਲਾਈਡਰ ਨੇ ਵੀਰਵਾਰ ਨੂੰ ਵੀ ਉਡਾਣ ਭਰੀ। ਪਰ ਤਕਨੀਕੀ ਖਰਾਬੀ ਕਾਰਨ ਇਹ ਕਰੈਸ਼ ਹੋ ਗਿਆ। ਅਧਿਕਾਰੀ ਤਕਨੀਕੀ ਖਾਮੀਆਂ ਦਾ ਪਤਾ ਲਗਾ ਰਹੇ ਹਨ। ਦੱਸ ਦੇਈਏ ਕਿ ਹਾਲ ਹੀ ਵਿੱਚ ਬਾਲਾਘਾਟ ਵਿੱਚ ਇੱਕ ਚਾਰਟਰਡ ਜਹਾਜ਼ ਕਰੈਸ਼ ਹੋ ਗਿਆ ਸੀ। ਇਸ ਹਾਦਸੇ ਵਿੱਚ ਪਾਇਲਟ ਸਮੇਤ ਟਰੇਨੀ ਕੁੜੀ ਦੀ ਮੌਤ ਹੋ ਗਈ। ਇਸ ਚਾਰਟਰਡ ਜਹਾਜ਼ ਨੇ ਕਰੀਬ 15 ਮਿੰਟ ਪਹਿਲਾਂ ਬਿਰਸੀ ਏਅਰਕ੍ਰਾਫਟ ਤੋਂ ਉਡਾਣ ਭਰੀ ਸੀ। ਕਰੈਸ਼ ਹੋਣ ਤੋਂ ਬਾਅਦ ਜਹਾਜ਼ ਸੜ ਕੇ ਸੁਆਹ ਹੋ ਗਿਆ।

# ਪਤੀ ਨੇ ਪਤਨੀ ਦਾ ਗਲਾ ਘੁੱਟਣ ਤੋਂ ਬਾਅਦ ਕੀਤੀ ਖੁਦਕੁਸ਼ੀ

ਉੱਤਰ ਪ੍ਰਦੇਸ਼-ਉੱਤਰ ਪ੍ਰਦੇਸ਼ ਦੇ ਬਾਂਦਾ 'ਚ ਮਾਮੂਲੀ ਝਗੜੇ 'ਚ ਪਤੀ ਨੇ ਪਤਨੀ ਦਾ ਕਤਲ ਕਰ ਦਿੱਤਾ। ਇਸ ਤੋਂ ਬਾਅਦ ਉਸ ਨੇ ਖੁਦ ਵੀ ਫਾਹਾ ਲੈ ਲਿਆ। ਇਸ ਘਟਨਾ ਤੋਂ ਬਾਅਦ ਇਲਾਕੇ 'ਚ ਸਨਸਨੀ ਫੈਲ ਗਈ। ਸੂਚਨਾ ਮਿਲਦੇ ਹੀ ਪੁਲਸ ਨੇ ਮੌਕੇ 'ਤੇ ਪਹੁੰਚ ਕੇ ਦੋਵਾਂ ਲਾਸ਼ਾਂ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਭੇਜ ਕੇ ਮਾਮਲੇ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲੀਸ ਅਨੁਸਾਰ ਪਤੀ ਬੀਤੇ ਦਿਨ ਆਪਣੀ ਪਤਨੀ ਅਤੇ ਬੱਚਿਆਂ ਨੂੰ ਮਿਲਣ ਲਈ ਆਪਣੇ ਸਹੁਰੇ ਘਰ ਗਿਆ ਸੀ। ਉੱਥੇ ਹੀ ਕਿਸੇ ਗੱਲ ਨੂੰ ਲੈ ਕੇ ਪਤੀ-ਪਤਨੀ ਵਿਚਾਲੇ ਝਗੜਾ ਹੋ ਗਿਆ। ਇਸ ਤੋਂ ਬਾਅਦ ਪਤੀ ਨੇ ਪਹਿਲਾਂ ਪਤਨੀ ਦਾ ਰੱਸੀ ਨਾਲ ਗਲਾ ਘੁੱਟ ਕੇ ਹੱਤਿਆ ਕਰ ਦਿੱਤੀ। ਫਿਰ ਉਸ ਨੇ ਆਪ ਵੀ ਫਾਹਾ ਲੈ ਲਿਆ। ਜਾਣਕਾਰੀ ਮੁਤਾਬਕ ਕੁਝ ਦਿਨ ਪਹਿਲਾਂ ਦੋਵਾਂ ਵਿਚਾਲੇ ਅਦਾਲਤ ਰਾਹੀਂ ਸਮਝੌਤਾ ਹੋਇਆ ਸੀ। ਇਸ ਮਾਮਲੇ ਸਬੰਧੀ ਡੀਐੱਸਪੀ ਰਾਕੇਸ਼ ਕੁਮਾਰ ਸਿੰਘ ਨੇ ਦੱਸਿਆ ਕਿ ਪਿੰਡ ਬੰਥੜੀ ਦਾ ਰਹਿਣ ਵਾਲਾ 24 ਸਾਲਾ ਰਾਮਮਿਲਨ ਰੈਦਾਸ 20 ਮਾਰਚ ਨੂੰ ਪਿੰਡ ਮੁਸੀਵਾ ਵਿਖੇ ਆਪਣੇ ਸਹੁਰੇ ਘਰ ਗਿਆ ਸੀ। ਉਸ ਨੇ ਦੱਸਿਆ ਕਿ ਵੀਰਵਾਰ ਸਵੇਰੇ ਮੁਸੀਵਾ ਪਿੰਡ 'ਚ ਉਸ ਦੀ 22 ਸਾਲਾ ਪਤਨੀ ਪੂਨਮ ਦੀ ਲਾਸ਼ ਕਮਰੇ ਦੇ ਅੰਦਰ ਜ਼ਮੀਨ 'ਤੇ ਪਈ ਸੀ। ਉੱਥੇ ਹੀ ਰਾਮਮਿਲਨ ਦੀ ਲਾਸ਼ ਲਟਕਦੀ ਮਿਲੀ। ਪੁਲਸ ਮਾਮਲੇ ਦੀ ਜਾਂਚ ਕਰ ਰਹੀ ਹੈ ਅਤੇ ਘਟਨਾ ਦੇ ਅਸਲ ਕਾਰਨਾਂ ਦਾ ਪਤਾ ਲਗਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਪੋਸਟਮਾਰਟਮ ਤੋਂ ਬਾਅਦ ਦੋਵੇਂ ਲਾਸ਼ਾਂ ਵਾਰਸਾਂ ਨੂੰ ਸੌਂਪ ਦਿੱਤੀਆਂ ਜਾਣਗੀਆਂ। ਫਿਲਹਾਲ ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਦੋਵਾਂ ਵਿਚਾਲੇ ਕਿਸ ਗੱਲ ਨੂੰ ਲੈ ਕੇ ਝਗੜਾ ਹੋਇਆ ਸੀ।

# ਰਾਹੁਲ ਗਾਂਧੀ ਨੂੰ ਮਾਨਹਾਨੀ ਮਾਮਲੇ 'ਚ ਦੋ ਸਾਲ ਦੀ ਸਜ਼ਾ

ਇਥੋਂ ਦੀ ਇਕ ਅਦਾਲਤ ਨੇ ਕਾਂਗਰਸ ਆਗੂ ਰਾਹੁਲ ਗਾਂਧੀ ਨੂੰ 2019 ਦੇ ਮਾਣਹਾਨੀ ਕੇਸ 'ਚ ਦੋ ਸਾਲ ਜੇਲ੍ਹ ਦੀ ਸਜ਼ਾ ਸੁਣਾਈ ਹੈ। ਰਾਹੁਲ ਨੇ ਆਪਣੇ ਬਿਆਨ 'ਚ ਕਿਹਾ ਸੀ ਕਿ 'ਸਾਰੇ ਚੋਰਾਂ ਦਾ ਇਕੋ ਹੀ ਨਾਮ ਮੋਦੀ ਕਿਵੇਂ ਹੋ ਸਕਦਾ ਹੈ।' ਜਦੋਂ ਫ਼ੈਸਲਾ ਸੁਣਾਇਆ ਗਿਆ ਤਾਂ ਰਾਹੁਲ ਗਾਂਧੀ ਅਦਾਲਤ 'ਚ ਹਾਜ਼ਰ ਸਨ। ਚੀਫ਼ ਜੁਡੀਸ਼ਲ ਮੈਜਿਸਟਰੇਟ ਐੱਚ ਐੱਚ ਵਰਮਾ ਦੀ ਅਦਾਲਤ ਨੇ ਰਾਹੁਲ ਗਾਂਧੀ ਨੂੰ ਆਈਪੀਸੀ ਦੀਆਂ ਧਾਰਾਵਾਂ 499 ਅਤੇ 500 ਤਹਿਤ ਦੋਸ਼ੀ ਠਹਿਰਾਉਂਦਿਆਂ ਉਨ੍ਹਾਂ ਨੂੰ ਜ਼ਮਾਨਤ ਦੇ ਦਿੱਤੀ ਅਤੇ ਉਪਰਲੀ ਅਦਾਲਤ 'ਚ ਅਪੀਲ ਦਾਖ਼ਲ ਕਰਨ ਲਈ 30 ਦਿਨ ਵਾਸਤੇ ਸਜ਼ਾ ਮੁਅੱਤਲ ਕਰ ਦਿੱਤੀ ਹੈ। ਇਸ ਫ਼ੈਸਲੇ ਨਾਲ ਰਾਹੁਲ ਦੀ ਸੰਸਦ ਮੈਂਬਰੀ 'ਤੇ ਤਲਵਾਰ ਲਟਕ ਗਈ ਹੈ। ਜਨ ਪ੍ਰਤੀਨਿਧ ਐਕਟ ਮੁਤਾਬਕ ਜੇਕਰ ਕਿਸੇ ਵਿਅਕਤੀ ਨੂੰ ਦੋ ਸਾਲ ਜਾਂ ਵੱਧ ਦੀ ਸਜ਼ਾ ਸੁਣਾਈ ਜਾਂਦੀ ਹੈ ਤਾਂ ਉਸ ਨੂੰ ਸਜ਼ਾ ਦੀ ਤਰੀਕ ਤੋਂ ਅਯੋਗ ਠਹਿਰਾ ਦਿੱਤਾ ਜਾਂਦਾ ਹੈ ਅਤੇ ਉਹ ਸਜ਼ਾ ਭੁਗਤਣ ਮਗਰੋਂ ਹੋਰ ਛੇ ਸਾਲਾਂ ਲਈ ਚੋਣ ਲੜਨ ਦੇ ਅਯੋਗ ਹੁੰਦਾ ਹੈ। ਕਾਂਗਰਸ ਨੇ ਕਿਹਾ ਕਿ ਰਾਹੁਲ ਗਾਂਧੀ ਸੂਰਤ ਅਦਾਲਤ ਦੇ ਫ਼ੈਸਲੇ ਖ਼ਿਲਾਫ਼ ਅਪੀਲ ਦਾਖ਼ਲ ਕਰਨਗੇ। ਆਪਣੇ ਹੁਕਮਾਂ 'ਚ ਅਦਾਲਤ ਨੇ ਕਿਹਾ ਕਿ ਮੁਲਜ਼ਮ ਸੰਸਦ ਮੈਂਬਰ ਹੈ ਅਤੇ ਉਹ ਆਪਣੇ ਭਾਸ਼ਣ ਰਾਹੀਂ ਜੋ ਕੁਝ ਵੀ ਆਖਦਾ ਹੈ, ਉਸ ਦਾ ਲੋਕਾਂ 'ਤੇ ਅਸਰ ਪੈਂਦਾ ਹੈ ਜਿਸ ਨਾਲ ਅਪਰਾਧ ਦੀ ਗੰਭੀਰਤਾ ਵਧ ਜਾਂਦੀ ਹੈ। ਅਦਾਲਤ ਨੇ ਕਿਹਾ ਕਿ ਜੇਕਰ ਮੁਲਜ਼ਮ ਨੂੰ ਘੱਟ ਸਜ਼ਾ ਦਿੱਤੀ ਜਾਂਦੀ ਹੈ ਤਾਂ ਇਹ ਲੋਕਾਂ ਨੂੰ ਗਲਤ ਸੁਨੇਹਾ ਜਾਵੇਗਾ ਅਤੇ ਮਾਨਹਾਨੀ ਨੂੰ ਰੋਕਣ ਦਾ ਮਕਸਦ ਪੂਰਾ ਨਹੀਂ ਹੋਵੇਗਾ ਤੇ ਕੋਈ ਵੀ ਆਸਾਨੀ ਨਾਲ ਕਿਸੇ 'ਤੇ ਦੂਸ਼ਣਬਾਜ਼ੀ ਕਰਦਾ ਰਹੇਗਾ। ਅਦਾਲਤ ਨੇ ਕਿਹਾ ਕਿ ਮੁਲਜ਼ਮ ਨੇ ਆਪਣੇ ਬਿਆਨ 'ਚੌਕੀਦਾਰ ਹੀ ਚੋਰ ਹੈ' ਲਈ ਪਹਿਲਾਂ ਮੁਆਫ਼ੀ ਮੰਗੀ ਸੀ ਤਾਂ ਸੁਪਰੀਮ ਕੋਰਟ ਨੇ ਉਸ ਨੂੰ ਭਵਿੱਖ 'ਚ ਚੌਕਸ ਰਹਿਣ ਦੀ ਹਦਾਇਤ ਕੀਤੀ ਸੀ ਪਰ ਇਸ ਦੇ ਬਾਵਜੂਦ ਉਸ ਦੇ ਵਿਹਾਰ 'ਚ ਕੋਈ ਬਦਲਾਅ ਦੇਖਣ ਨੂੰ ਨਹੀਂ ਮਿਲਿਆ ਹੈ। ਸੁਣਵਾਈ ਦੌਰਾਨ ਰਾਹੁਲ ਗਾਂਧੀ ਨੇ ਕਿਹਾ ਕਿ ਉਸ ਨੇ ਲੋਕਾਂ ਦੇ ਹਿੱਤ 'ਚ ਆਪਣਾ ਫ਼ਰਜ਼ ਨਿਭਾਉਂਦਿਆਂ ਭਾਸ਼ਣ ਦਿੱਤਾ ਸੀ। ਕਾਂਗਰਸ ਆਗੂ ਨੇ ਇਹ ਵੀ ਕਿਹਾ ਕਿ ਉਹ ਕਿਸੇ ਨਾਲ ਵੀ ਵਿਤਕਰਾ ਨਹੀਂ ਕਰਦਾ ਹੈ ਅਤੇ ਦੇਸ਼ ਦੇ ਸਾਰੇ ਲੋਕਾਂ ਨਾਲ ਪਿਆਰ ਕਰਦਾ ਹੈ।



# ਨਵਜੋਤ ਕੌਰ ਸਿੱਧੂ ਨੂੰ ਖ਼ੁਦ ਟਵੀਟ ਕਰਕੇ ਕੈਂਸਰ ਬਾਰੇ ਲਿਖੀ ਭਾਵੁਕ ਪੋਸਟ

ਚੰਡੀਗੜ੍ਹ-ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਨਵਜੋਤ ਸਿੰਘ ਸਿੱਧੂ ਦੀ ਪਤਨੀ ਨਵਜੋਤ ਕੌਰ ਸਿੱਧੂ ਨੂੰ ਕੈਂਸਰ ਹੋ ਗਿਆ ਹੈ। ਉਨ੍ਹਾਂ ਨੇ ਖ਼ੁਦ ਟਵੀਟ ਕਰਕੇ ਇਹ ਜਾਣਕਾਰੀ ਦਿੱਤੀ ਹੈ। ਇਸ ਟਵੀਟ ਵਿੱਚ ਉਨ੍ਹਾਂ ਨੇ ਨਵਜੋਤ ਸਿੰਘ ਸਿੱਧੂ ਨੂੰ ਇਨਸਾਫ਼ ਨਾ ਮਿਲਣ ਬਾਰੇ ਵੀ ਲਿਖਿਆ ਹੈ। ਨਵਜੋਤ ਕੌਰ ਸਿੱਧੂ ਨੇ ਆਪਣੇ ਪਤੀ ਨਵਜੋਤ ਸਿੰਘ ਸਿੱਧੂ ਲਈ ਲਿਖਿਆ ਕਿ ਤੁਹਾਨੂੰ ਵਾਰ-ਵਾਰ ਇਨਸਾਫ਼ ਵਾਂਝਾ ਦੇਖਦਿਆਂ ਤੁਹਾਡਾ ਇੰਤਜ਼ਾਰ ਕੀਤਾ। ਸੱਚ ਬਹੁਤ ਸ਼ਕਤੀਸ਼ਾਲੀ ਹੈ, ਪਰ ਇਹ ਤੁਹਾਨੂੰ ਵਾਰ-ਵਾਰ ਪਰਖਦਾ ਹੈ, ਕਲਯੁਗ। ਮਾਫ਼ ਕਰਨਾ, ਤੁਹਾਡਾ ਇੰਤਜ਼ਾਰ ਨਹੀਂ ਕਰ ਸਕਦੀ ਕਿਉਂਕਿ ਇਹ ਸਟੇਜ-2 ਦਾ ਹਮਲਾਵਰ ਕੈਂਸਰ ਹੈ। ਕਿਸੇ ਨੂੰ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ, ਕਿਉਂਕਿ ਇਹ ਪ੍ਰਮਾਤਮਾ ਦੀ ਯੋਜਨਾ ਹੈ।



ISSN : 1703-1370

VOICE OF THE PUNJABI COMMUNITY

DESH PARDES TIMES

ਦੇਸ ਪ੍ਰਦੇਸ ਟਾਈਮਜ਼



EDITOR / ਸੰਪਾਦਕ
ਸੁਖਵਿੰਦਰ ਸਿੰਘ ਚੋਹਲਾ
SUKHWINDER SINGH CHOHLA

MANAGING EDITOR (Hon.)
GURBHALINDER SINGH SANDHU
ASST. EDITOR (EDMONTON)
DAVINDER DEEPTI

ਮਹਿਮਾਨ ਸੰਪਾਦਕੀ ....

## ਰਾਹੁਲ ਗਾਂਧੀ ਨੂੰ ਸਜ਼ਾ

# ਅਦਾਲਤੀ ਤਾਕਤ ਦੀ ਕੁਵਰਤੋਂ ....

ਸੂਰਤ ਦੀ ਇਕ ਅਦਾਲਤ ਨੇ ਰਾਹੁਲ ਗਾਂਧੀ ਨੂੰ ਮਾਣ-ਹਾਨੀ ਦੇ ਇਕ ਕੇਸ ਵਿਚ ਦੋਸ਼ੀ ਮੰਨਦਿਆਂ ਦੋ ਸਾਲ ਜੇਲ੍ਹ ਤੇ ਜੁਰਮਾਨੇ ਦੀ ਸਜ਼ਾ ਦਿੱਤੀ ਹੈ। ਇਸ ਦੇ ਨਾਲ ਨਾਲ ਹੀ ਉਸ ਨੂੰ ਲੋਕ ਸਭਾ ਦੀ ਮੈਂਬਰਸ਼ਿਪ ਤੋਂ ਬਰਖ਼ਾਸਤ ਕਰ ਦਿੱਤਾ ਗਿਆ ਹੈ। ਲੋਕ-ਨੁਮਾਇੰਦਗੀ ਕਾਨੂੰਨ ਅਨੁਸਾਰ ਜੇਕਰ ਕਿਸੇ ਵਿਅਕਤੀ ਨੂੰ ਦੋ ਸਾਲ ਜਾਂ ਵੱਧ ਦੀ ਸਜ਼ਾ ਸੁਣਾਈ ਜਾਂਦੀ ਤਾਂ ਉਸ ਨੂੰ ਸਜ਼ਾ ਦੀ ਤਰੀਕ ਤੋਂ ਲੋਕ ਸਭਾ, ਰਾਜ ਸਭਾ, ਵਿਧਾਨ ਸਭਾ ਤੇ ਵਿਧਾਨ ਪਰਿਸ਼ਦ ਦੀ ਮੈਂਬਰਸ਼ਿਪ ਤੋਂ ਅਯੋਗ ਠਹਿਰਾ ਦਿੱਤਾ ਜਾਂਦਾ ਹੈ। ਇਸ ਤੋਂ ਪਹਿਲਾਂ ਰਾਸ਼ਟਰੀ ਜਨਤਾ ਦਲ ਦੇ ਪ੍ਰਧਾਨ ਲਾਲੂ ਪ੍ਰਸਾਦ ਯਾਦਵ ਅਤੇ ਜਨਤਾ ਦਲ (ਯੂਨਾਈਟਿਡ) ਦੇ ਸੰਸਦ ਮੈਂਬਰ ਨੂੰ ਅਯੋਗ ਠਹਿਰਾਇਆ ਗਿਆ ਸੀ। ਵਿਧਾਨ ਸਭਾਵਾਂ ਵਿਚ ਵੀ ਕੁਝ ਵਿਧਾਇਕਾਂ ਵਿਰੁੱਧ ਅਜਿਹੀ ਕਾਰਵਾਈ ਕੀਤੀ ਗਈ ਹੈ।



ਓਪਰੀ ਨਜ਼ਰ ਮਾਰਿਆਂ ਇਹ ਕਾਰਵਾਈ ਕਾਨੂੰਨੀ ਤੌਰ 'ਤੇ ਸਹੀ ਦਿਖਾਈ ਦਿੰਦੀ ਹੈ ਪਰ ਕਾਨੂੰਨੀ ਮਾਹਿਰਾਂ ਅਨੁਸਾਰ ਰਾਹੁਲ ਗਾਂਧੀ ਨੂੰ ਮਾਣ-ਹਾਨੀ ਦੇ ਕੇਸ ਵਿਚ ਦੋ ਸਾਲ ਜੇਲ੍ਹ ਦੀ ਸਜ਼ਾ (ਜੋ ਮਾਣ-ਹਾਨੀ ਦੇ ਕੇਸ ਵਿਚ ਵੱਧ ਤੋਂ ਵੱਧ ਸਜ਼ਾ ਹੈ) ਦੇਣਾ ਕਾਨੂੰਨੀ ਪੱਖ ਤੋਂ ਸਹੀ ਨਹੀਂ ਹੈ; ਇਹ ਲੋੜ ਤੋਂ ਵੱਧ ਹੈ ਭਾਵ ਜੋ ਦੋਸ਼ ਉਸ ਦੇ ਬੋਲਾਂ ਕਾਰਨ ਬਣਦਾ ਹੈ, ਉਸ ਦੀ ਨਿਸਬਤ ਕਿਤੇ ਵਧੇਰੇ ਹੈ। ਕੇਸ ਕੀ ਹੈ ? 2019 ਵਿਚ ਕਰਨਾਟਕ ਵਿਚ ਇਕ ਚੁਣਾਵੀ ਜਲਸੇ ਦੌਰਾਨ ਭਾਸ਼ਣ ਦਿੰਦਿਆਂ ਰਾਹੁਲ ਗਾਂਧੀ ਨੇ ਮੋਦੀ ਉਪਨਾਮ ਵਾਲੇ ਕਈ ਵਿਅਕਤੀਆਂ (ਜਿਵੇਂ ਨੀਰਵ ਮੋਦੀ ਆਦਿ) ਦਾ ਜ਼ਿਕਰ ਕਰਦਿਆਂ ਕਿਹਾ ਸੀ ਕਿ ਕੀ ਹਰ ਮੋਦੀ ਚੋਰ ਹੈ। ਸਪੱਸ਼ਟ ਹੈ ਕਿ ਅਜਿਹੇ ਸ਼ਬਦ ਨਹੀਂ ਸਨ ਵਰਤੇ ਜਾਣੇ ਚਾਹੀਦੇ। ਇਸ ਭਾਸ਼ਣ ਵਿਚ ਤਿੰਨ ਵਿਅਕਤੀਆਂ ਦੇ ਨਾਂ ਲਏ ਗਏ ਸਨ; ਉਨ੍ਹਾਂ ਨੇ ਰਾਹੁਲ ਗਾਂਧੀ 'ਤੇ ਕੋਈ ਕੇਸ ਨਹੀਂ ਕੀਤਾ। ਕੇਸ ਕੀਤਾ ਗੁਜਰਾਤ ਵਿਚ ਭਾਰਤੀ ਜਨਤਾ ਪਾਰਟੀ ਦੇ ਵਿਧਾਇਕ ਪੁਰਨੇਸ਼ ਮੋਦੀ ਨੇ। ਉਸ ਨੇ ਦੋਸ਼ ਲਗਾਇਆ ਕਿ ਰਾਹੁਲ ਗਾਂਧੀ ਨੇ ਸਾਰੇ ਮੋਦੀ ਭਾਈਚਾਰੇ ਦੀ ਮਾਣ-ਹਾਨੀ ਕੀਤੀ ਹੈ। ਕਾਨੂੰਨੀ ਮਾਹਿਰਾਂ ਅਨੁਸਾਰ ਇਹ ਕੇਸ ਗੁਜਰਾਤ ਦੀ ਅਦਾਲਤ ਦੇ ਅਧਿਕਾਰ-ਖੇਤਰ ਵਿਚ ਨਹੀਂ ਸੀ ਆਉਂਦਾ; ਮੁਕੱਦਮਾ ਕਰਨਾਟਕ ਦੀ ਸਥਾਨਕ ਅਦਾਲਤ ਵਿਚ ਚਲਾਇਆ ਜਾਣਾ ਚਾਹੀਦਾ ਸੀ। ਸੁਪਰੀਮ ਕੋਰਟ ਦੇ ਇਕ ਫ਼ੈਸਲੇ ਅਨੁਸਾਰ ਜੇ ਮੁਲਜ਼ਮ ਅਦਾਲਤ ਦੇ ਅਧਿਕਾਰ-ਖੇਤਰ ਵਿਚ ਨਾ ਰਹਿੰਦਾ ਹੋਵੇ ਤਾਂ ਅਦਾਲਤ ਨੂੰ ਫ਼ੈਸਲਾ ਦੇਣ ਤੋਂ ਪਹਿਲਾਂ ਮਾਮਲੇ ਦੀ ਤਫ਼ਤੀਸ਼/ਜਾਂਚ ਕਰਵਾਉਣੀ ਚਾਹੀਦੀ ਹੈ। ਇਸ ਤਰ੍ਹਾਂ ਦੀ ਕੋਈ ਵੀ ਜਾਂਚ ਜਾਂ ਤਫ਼ਤੀਸ਼ ਨਹੀਂ ਕੀਤੀ ਗਈ। ਇਹ ਕੇਸ 16 ਅਪਰੈਲ 2019 ਨੂੰ ਅਦਾਲਤ ਵਿਚ ਦਾਇਰ ਕੀਤਾ ਗਿਆ। ਰਾਹੁਲ ਗਾਂਧੀ ਆਪਣਾ ਬਿਆਨ ਦਰਜ ਕਰਵਾਉਣ ਲਈ 24 ਜੂਨ 2021 ਨੂੰ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਏਐੱਨ ਦਵੇ ਦੀ ਅਦਾਲਤ ਵਿਚ ਪੇਸ਼ ਹੋਇਆ। ਮਾਰਚ 2022 ਵਿਚ ਸ਼ਿਕਾਇਤਕਰਤਾ ਨੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਹ ਰਾਹੁਲ ਗਾਂਧੀ ਨੂੰ ਦੁਬਾਰਾ ਤਲਬ ਕਰੇ; ਅਦਾਲਤ ਨੇ ਅਜਿਹਾ ਕਰਨ ਤੋਂ ਇਨਕਾਰ ਕੀਤਾ ਅਤੇ ਸ਼ਿਕਾਇਤਕਰਤਾ ਨੇ ਹਾਈ ਕੋਰਟ ਵਿਚ ਇਹ ਬੇਨਤੀ ਕੀਤੀ ਕਿ ਕੇਸ ਦੀ ਸੁਣਵਾਈ ਰੋਕ ਦਿੱਤੀ ਜਾਵੇ। ਸੁਣਵਾਈ ਰੋਕ ਦਿੱਤੀ ਗਈ। 16 ਫਰਵਰੀ 2023 ਨੂੰ ਸ਼ਿਕਾਇਤਕਰਤਾ ਫਿਰ ਹਾਈ ਕੋਰਟ ਗਿਆ ਤੇ ਸੁਣਵਾਈ ਸ਼ੁਰੂ ਕਰਵਾਉਣ ਲਈ ਕਿਹਾ ਜਿਸ ਦੀ ਹਾਈ ਕੋਰਟ ਨੇ ਇਜਾਜ਼ਤ ਦੇ ਦਿੱਤੀ। ਸੁਣਵਾਈ ਨਵੇਂ ਚੀਫ਼ ਜੁਡੀਸ਼ੀਅਲ ਮੈਜਿਸਟਰੇਟ ਐੱਚਐੱਚ ਵਰਮਾ ਦੀ ਅਦਾਲਤ ਵਿਚ ਸ਼ੁਰੂ ਹੋਈ। ਕਾਨੂੰਨੀ ਮਾਹਿਰਾਂ ਅਨੁਸਾਰ ਮੁਕੱਦਮੇ 'ਤੇ ਸੁਣਵਾਈ ਨੂੰ ਰੋਕਣ ਲਈ ਮੁਲਜ਼ਮ ਉੱਚ-ਅਦਾਲਤਾਂ ਵਿਚ ਜਾਂਦੇ ਹਨ; ਸ਼ਿਕਾਇਤਕਰਤਾ ਨਹੀਂ। ਇਸੇ ਤਰ੍ਹਾਂ ਇਕ ਹੋਰ ਕੇਸ ਵਿਚ ਸੁਪਰੀਮ ਕੋਰਟ ਨੇ ਕਿਹਾ ਸੀ ਕਿ ਕਿਸੇ ਭਾਈਚਾਰੇ ਦੀ ਮਾਣ-ਹਾਨੀ ਦੇ ਮਾਮਲੇ ਵਿਚ ਅਜਿਹਾ ਕੇਸ ਭਾਈਚਾਰੇ ਦੀ ਕਿਸੇ ਜਾਣੀ-ਪਛਾਣੀ ਜਥੇਬੰਦੀ ਵੱਲੋਂ ਕੀਤਾ ਜਾਣਾ ਚਾਹੀਦਾ ਹੈ। ਕਾਂਗਰਸ ਅਤੇ ਹੋਰ ਵਿਰੋਧੀ ਪਾਰਟੀਆਂ ਨੇ ਰਾਹੁਲ ਵਿਰੁੱਧ ਇਸ ਕਾਰਵਾਈ ਨੂੰ ਜਮਹੂਰੀਅਤ-ਵਿਰੋਧੀ ਕਰਾਰ ਦਿੱਤਾ ਹੈ। ਕਈ ਕਾਨੂੰਨੀ ਮਾਹਿਰ ਮਾਣ-ਹਾਨੀ ਵਾਲੇ ਕਾਨੂੰਨਾਂ ਨੂੰ ਜਮਹੂਰੀ ਕਾਨੂੰਨ ਨਹੀਂ ਮੰਨਦੇ ਕਿਉਂਕਿ ਕਈ ਦੇਸ਼ਾਂ ਵਿਚ ਇਨ੍ਹਾਂ ਕਾਨੂੰਨਾਂ ਦੀ ਵਰਤੋਂ ਵਿਚਾਰਾਂ ਦੇ ਪ੍ਰਗਟਾਵੇ 'ਤੇ ਬੰਦਿਸ਼ਾਂ ਲਾਉਣ ਅਤੇ ਸਿਆਸੀ ਵਿਰੋਧੀਆਂ ਨੂੰ ਕੁਚਲਣ ਲਈ ਕੀਤੀ ਜਾਂਦੀ ਹੈ। ਪਿਛਲੇ ਸਾਲ ਸੰਯੁਕਤ ਰਾਸ਼ਟਰ ਦੇ ਅਦਾਰੇ ਯੂਨੈਸਕੋ ਨੇ ਕਿਹਾ ਸੀ ਕਿ ਪਹਿਲਾਂ ਇਹ ਰੁਝਾਨ ਜ਼ੋਰ ਫੜ ਰਿਹਾ ਸੀ ਕਿ ਮਾਣ-ਹਾਨੀ ਨੂੰ ਅਪਰਾਧ ਨਾ ਮੰਨਿਆ ਜਾਏ ਪਰ ਕੁਝ ਸਮੇਂ ਤੋਂ ਇਹ ਮੱਠਾ ਪੈ ਗਿਆ ਹੈ। ਯੂਨੈਸਕੋ ਨੇ ਇਹ ਵੀ ਕਿਹਾ ਹੈ ਕਿ ਸ਼ਿਕਾਇਤਕਰਤਾ ਕਾਨੂੰਨ ਦੀ ਦੁਰਵਰਤੋਂ ਹੀ ਨਹੀਂ ਕਰਦੇ ਸਗੋਂ ਅਜਿਹੀਆਂ ਅਦਾਲਤਾਂ ਵਿਚ ਕੇਸ ਦਾਇਰ ਕਰਦੇ ਹਨ ਜਿਨ੍ਹਾਂ ਤੋਂ ਮਨਚਾਹੇ ਫ਼ੈਸਲੇ ਮਿਲਣ ਦੀ ਆਸ ਹੁੰਦੀ ਹੈ। ਇਨ੍ਹਾਂ ਰੁਝਾਨਾਂ ਤੋਂ ਇਹ ਸੰਕੇਤ ਮਿਲਦਾ ਹੈ ਕਿ ਮਾਣ-ਹਾਨੀ ਨਾਲ ਸਬੰਧਿਤ ਕਾਨੂੰਨ 'ਤੇ ਮੁੜ ਵਿਚਾਰ ਹੋਣਾ ਚਾਹੀਦਾ ਹੈ।

-ਧੰਨਵਾਦ ਸਹਿਤ ਪੰਜਾਬੀ ਟ੍ਰਿਬਿਊਨ।

VICTORIA, DUNCAN REP.
JAGMOHAN SINGH
250-701-1025



VANCOUVER REP.
SANDEEP SINGH DHANJU
778-926-9778



WINNIPEG REP.
HARKAMAL SINGH SAGGI
204-997-6144
NARESH SHARMA
204-955-8396



DESH PARDES TIMES.
(Punjabi Newspaper)
Editor/Publisher- Sukhwinder Singh
Place of Publication- Vancouver (B.C)
HEAD OFFICE ADDRESS
119B-7536-130 ST., SURREY BC V3W 1H8
Email :desvancouver@gmail.com, sschohla@gmail.com
PHONE : 778-772-1994



CALGARY REP.
KAMALJIT BUTTAR
403-708-5465



INDIA REP.
ANUPINDER SINGH
+91-95016-60036

ATTENTION FOR READERS Desh Pardes Times and people associated with it are not responsible for any claims made by the advertisers and do not endorse any product or services advertised in the Desh Pardes Times. Please consult your lawyer before buying/hiring/contracting through the ads. published in this newspaper. Desh Pardes Times is in the business of selling space and the claims made by the advertisements are not tested/confirmed by an independent source. The opinions expressed in the articles and columns are those of the writers, editor or any other staff member of Des Pardes Times assumes no responsibility of any kind.

# ਪਿਛਲੇ ਸਾਲ ਕੈਨੇਡਾ ਦੀ ਆਬਾਦੀ ਵਿਚ 10 ਲੱਖ ਦਾ ਵਾਧਾ-ਪਿਛਲੇ ਸਾਰੇ ਰਿਕਾਰਡ ਮਾਤ ਕੀਤੇ

ਸਰੀ (ਹਰਦਮ ਮਾਨ)-ਕੈਨੇਡਾ ਦੀ ਆਬਾਦੀ ਵਿਚ 1 ਜਨਵਰੀ, 2022 ਤੋਂ 1 ਜਨਵਰੀ, 2023 ਤੱਕ 10 ਲੱਖ ਲੋਕਾਂ ਦਾ ਵਾਧਾ ਹੋਇਆ ਹੈ ਜਿਸ ਨੇ ਪਿਛਲੇ ਸਾਰੇ ਰਿਕਾਰਡ ਮਾਤ ਪਾ ਦਿੱਤੇ ਹਨ। ਸਟੈਟਿਸਟਿਕਸ ਕੈਨੇਡਾ ਵੱਲੋਂ ਇਸ ਹਫ਼ਤੇ ਜਾਰੀ ਕੀਤੇ ਗਏ ਅੰਕੜਿਆਂ ਸਾਲ 2022 ਵਿਚ ਕੈਨੇਡਾ ਦੀ ਆਬਾਦੀ ਵਿਚ 1,050,110 ਦਾ ਵਾਧਾ ਹੋਇਆ ਹੈ ਜਿਸ ਨਾਲ 1 ਜਨਵਰੀ, 2023 ਨੂੰ ਕੈਨੇਡਾ ਦੀ ਆਬਾਦੀ 39,566,248 ਹੋ ਗਈ ਹੈ। ਆਬਾਦੀ ਵਿਚ ਹੋਇਆ ਇਹ ਵਾਧਾ ਕੈਨੇਡਾ ਦੇ ਇਤਿਹਾਸ ਵਿੱਚ 12-ਮਹੀਨਿਆਂ ਵਿਚ ਵਾਧਾ ਹੋਣ ਦਾ ਪਹਿਲਾ ਰਿਕਾਰਡ ਬਣ ਗਿਆ ਹੈ। 2022 ਵਿੱਚ ਕੈਨੇਡਾ ਦੀ ਜਨਸੰਖਿਆ ਵਧਣ ਦਾ ਮੁੱਖ ਕਾਰਨ ਅੰਤਰਰਾਸ਼ਟਰੀ ਪ੍ਰਵਾਸ ਦੱਸਿਆ ਗਿਆ ਹੈ। ਕੈਨੇਡਾ 2022 ਵਿੱਚ



ਜਨਸੰਖਿਆ ਵਾਧੇ ਲਈ ਜੀ-7 ਦੇਸ਼ਾਂ ਵਿੱਚ ਸਭ ਤੋਂ ਅੱਗੇ ਹੈ। ਇਹ ਵੀ ਕਿਹਾ ਗਿਆ ਹੈ ਕਿ ਜੇਕਰ ਆਬਾਦੀ ਦੇ ਵਾਧੇ ਦੀ ਇਹ ਦਰ ਇਸੇ ਤਰਾਂ ਬਰਕਰਾਰ ਰਹੀ ਤਾਂ ਆਉਣ ਵਾਲੇ ਲਗਭਗ 26 ਸਾਲਾਂ ਵਿੱਚ ਕੈਨੇਡੀਅਨ ਦੀ ਆਬਾਦੀ ਦੁੱਗਣੀ ਹੋ ਜਾਵੇਗੀ। ਅੰਤਰਰਾਸ਼ਟਰੀ ਪ੍ਰਵਾਸ ਵਿੱਚ ਦੇਖਿਆ ਗਿਆ ਵਾਧਾ ਕੈਨੇਡਾ ਸਰਕਾਰ ਵੱਲੋਂ ਆਰਥਿਕਤਾ ਦੇ ਮੁੱਖ ਖੇਤਰਾਂ ਵਿੱਚ ਮਜ਼ਦੂਰਾਂ ਦੀ ਕਮੀ ਨੂੰ ਘੱਟ ਕਰਨ ਦੇ ਯਤਨਾਂ ਸਦਕਾ ਹੋਇਆ ਹੈ। ਦੂਜੇ ਪਾਸੇ ਸਥਾਈ ਅਤੇ ਅਸਥਾਈ ਪ੍ਰਵਾਸੀਆਂ ਦੀ ਗਿਣਤੀ ਵਧਣ ਕਾਰਨ ਕੈਨੇਡਾ ਵਿਚ ਰਿਹਾਇਸ਼, ਬੁਨਿਆਦੀ ਢਾਂਚੇ ਅਤੇ ਆਵਾਜਾਈ ਅਤੇ ਜਨਤਕ ਸੇਵਾਵਾਂ ਪ੍ਰਦਾਨ ਕਰਨ ਨਾਲ ਸਬੰਧਤ ਦੇਸ਼ ਦੇ ਕੁਝ ਖੇਤਰਾਂ ਲਈ ਸਾਹਮਣੇ ਵੱਡੀਆਂ ਚੁਣੌਤੀਆਂ ਨੂੰ ਵੀ ਦਰਸਾ ਰਿਹਾ ਹੈ।

# ਗੈਰ ਕਨੂੰਨੀ ਪ੍ਰਵਾਸੀਆਂ ਨੂੰ ਵਾਪਸ ਮੋੜਨ ਵਾਲਾ ਕੈਨੇਡਾ-ਅਮਰੀਕਾ ਸਰਹੱਦੀ ਸਮਝੌਤਾ ਲਾਗੂ

ਸ਼ਫ਼ਾ 1 ਦੀ ਬਾਕੀ

ਪ੍ਰਤੀ ਵਧਦੇ ਹਮਲਾਵਰ ਰੁਖ ਸਬੰਧੀ ਚਿੰਤਾਵਾਂ ਦਾ ਏਜੰਡੇ 'ਤੇ ਪ੍ਰਛਾਵਾਂ ਹੈ। ਇਸ ਦੇ ਪ੍ਰਤੀਕ ਵਿਚ ਕੈਨੇਡੀਅਨ ਨਾਗਰਿਕ ਮਾਈਕਲ ਕੋਵਰਿੰਗ ਅਤੇ ਮਾਈਕਲ ਸਪੈਵਰ ਜਿਨ੍ਹਾਂ ਨੂੰ ਚੀਨ ਨੇ ਦੋ ਸਾਲ ਤੋਂ ਵੀ ਜ਼ਿਆਦਾ ਸਮਾਂ ਜੇਲ੍ਹ ਵਿਚ ਬੰਦ ਰੱਖਿਆ, ਪ੍ਰਧਾਨ ਮੰਤਰੀ ਦੇ ਮਹਿਮਾਨ ਵਜੋਂ ਰਾਸ਼ਟਰਪਤੀ ਦੇ ਸੰਸਦੀ ਭਾਸ਼ਣ ਦੌਰਾਨ ਹਾਊਸ ਆਫ ਕਾਮਨਜ਼ ਦੀ ਗੈਲਰੀ ਵਿਚ ਮੌਜੂਦ ਸਨ। ਦੋਵਾਂ ਨੂੰ ਚੀਨ ਨੇ 2018 ਵਿਚ ਹਿਰਾਸਤ ਵਿਚ ਲੈ ਲਿਆ ਸੀ ਅਤੇ 1000 ਤੋਂ ਵੀ ਜ਼ਿਆਦਾ ਦਿਨ ਅਣਮਨੁੱਖੀ ਹਾਲਤਾਂ ਵਿਚ ਕੈਦ ਰੱਖਣ ਪਿੱਛੋਂ ਰਿਹਾਅ ਕੀਤਾ ਗਿਆ ਸੀ। ਸੰਸਦ ਨੂੰ ਆਪਣੇ ਸੰਬੋਧਨ ਵਿਚ ਰਾਸ਼ਟਰਪਤੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਮਰੀਕਾ ਵਿਚ ਸਾਫ ਸੁਥਰੀ ਐਨਰਜੀ ਟਰਾਂਜ਼ੀਸ਼ਨ ਨੂੰ ਉਤਸ਼ਾਹਿਤ ਕਰਨ ਦੇ ਉਦੇਸ਼ ਵਾਲੀਆਂ ਅਮਰੀਕੀ ਵਿਸ਼ਾਲ ਸਬਸਿਡੀਆਂ ਉੱਤਰੀ ਸਰਹੱਦ ਦੀਆਂ ਕੰਪਨੀਆਂ ਲਈ ਆਪਸੀ ਲਾਭਕਾਰੀ ਹੋਣਗੀਆਂ। ਪਿਛਲੇ ਸਾਲ ਅਮਰੀਕਾ ਨੇ ਹਰੇ ਅਰਥਚਾਰੇ ਅਤੇ ਨਿਕਾਸ ਘਟਾਉਣ ਲਈ ਟੈਕਸਾਂ ਵਿਚ ਕਟੌਤੀ ਤੇ ਦੂਸਰੇ ਲਾਭ ਦੇਣ ਲਈ 369 ਅਰਬ ਡਾਲਰ ਰੱਖੇ ਸਨ। ਕੈਨੇਡੀਅਨ ਬਿਜਨਸ ਗਰੁੱਪਾਂ ਨੇ ਮੁਕਾਬਲਾ ਕਰਨ ਲਈ ਅਮਰੀਕਾ ਦੇ ਭਾਰੀ ਸਬਸਿਡੀ ਦੇ ਖ਼ਤਰਿਆਂ ਨੂੰ ਲੈ ਕੇ ਚਿਤਾਵਨੀ ਦਿੱਤੀ ਹੈ ਅਤੇ ਸਰਕਾਰ ਨੇ 28 ਮਾਰਚ ਦੇ ਬਜਟ ਵਿਚ ਪਹਿਲਾਂ ਹੀ ਹੋਰ ਉਪਾਅ ਕਰਨ ਦਾ ਵਾਅਦਾ ਕੀਤਾ ਹੈ।





ਉਨ੍ਹਾਂ ਕਿਹਾ ਕਿ ਸਾਡਾ ਅਮਰੀਕਾ ਤੋਂ ਵੱਡਾ ਕੋਈ ਮਿੱਤਰ ਜਾਂ ਸਹਿਯੋਗੀ ਨਹੀਂ। ਇਸ ਤੋਂ ਪਹਿਲਾਂ ਰਾਸ਼ਟਰਪਤੀ ਬਾਇਡੇਨ ਹਾਊਸ ਆਫ ਕਾਮਨਜ਼ ਵਿਖੇ ਪਹੁੰਚੇ ਅਤੇ ਕੈਨੇਡਾ ਦੀਆਂ ਸਾਰੀਆਂ ਪਾਰਟੀਆਂ ਦੇ ਨੇਤਾਵਾਂ ਨੂੰ ਮਿਲੇ। ਕੰਸਰਵੇਟਿਵ ਪਾਰਟੀ ਦੇ ਨੇਤਾ ਪੀਅਰ ਪੋਲੀਵਰ ਨੇ ਵਿਰੋਧੀ ਧਿਰ ਦੇ ਨੇਤਾ ਵਜੋਂ ਆਪਣੀ ਜਾਣ ਪਛਾਣ ਕਰਵਾਈ।

## ਕੈਨੇਡਾ-ਅਮਰੀਕਾ ਵਿਚਾਲ ਜਮਹੂਰੀ ਕਦਰਾਂ-ਕੀਮਤਾਂ ਦੀ ਪਕੇਰੀ ਸਾਂਝ-ਬਾਇਡਨ

ਓਟਵਾ-ਅਮਰੀਕੀ ਰਾਸ਼ਟਰਪਤੀ ਜੋਏ ਬਾਇਡਨ ਨੇ ਪਾਰਲੀਮੈਂਟ ਹਿਲ ਵਿਖੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਅਮਰੀਕਾ ਖੁਸ਼ਕਿਸਮਤ ਹੈ ਕਿ ਕੈਨੇਡਾ ਉਸ ਦਾ ਗੁਆਂਢੀ ਮੁਲਕ ਹੈ। ਅਮਰੀਕਾ ਦਾ ਰਾਸ਼ਟਰਪਤੀ ਬਣਨ ਪਿੱਛੋਂ ਬਾਇਡਨ ਦੀ ਪਹਿਲੀ ਕੈਨੇਡਾ ਯਾਤਰਾ ਹੈ ਅਤੇ ਟਰੂਡੋ ਨਾਲ ਮੁਲਾਕਾਤ ਸਮੇਂ ਉਨ੍ਹਾਂ ਦੀ ਯਾਤਰਾ ਦਾ ਦੂਸਰਾ ਦਿਨ ਸੀ। ਬਾਇਡਨ ਨੇ ਕਿਹਾ ਕਿ ਅਸੀਂ ਕਈ ਗੱਲਾਂ 'ਤੇ ਅਸਹਿਮਤ ਤੇ ਸਹਿਮਤ ਹੁੰਦੇ ਰਹਿੰਦੇ ਹਾਂ ਪਰ ਸਾਡੀਆਂ ਜੋ ਲੋਕਤੰਤਰੀ ਕਦਰਾਂ ਕੀਮਤਾਂ ਹਨ ਉਨ੍ਹਾਂ ਵਿਚ ਕੋਈ ਬੁਨਿਆਦੀ ਫਰਕ ਨਹੀਂ। ਇਹ ਸੱਚਮੁੱਚ ਇਕ ਵੱਡਾ ਫਰਕ ਹੈ ਅਤੇ ਇਸ ਲਈ ਇਸ ਦਾ ਇਥੇ ਹੋਣਾ ਸਨਮਾਨ ਵਾਲੀ ਗੱਲ ਹੈ। ਉਨ੍ਹਾਂ ਕਿਹਾ ਕਿ ਅਸੀਂ ਬਹੁਤ ਸਾਰੀ ਗੱਲਬਾਤ ਕੀਤੀ ਹੈ ਅਤੇ ਅਸੀਂ ਅੱਜ ਬਹੁਤ ਕੁਝ ਕਰਨ ਜਾ ਰਹੇ ਹਨ। ਟਰੂਡੋ ਨੇ ਕਿਹਾ ਕਿ ਬਾਇਡੇਨ ਦੇ ਓਟਵਾ ਵਾਪਸ ਆਉਣ 'ਤੇ ਸਵਾਗਤ ਕਰਨਾ ਖੁਸ਼ੀ ਦੀ ਗੱਲ ਹੈ। ਉਨ੍ਹਾਂ ਕਿਹਾ ਕਿ ਜੋਏ ਤੁਹਾਨੂੰ ਮਿਲਣਾ ਬਹੁਤ ਵਧੀਆ ਲਗਦਾ ਹੈ। ਪ੍ਰਧਾਨ ਮੰਤਰੀ ਨੇ ਕਿਹਾ ਕਿ ਅਮਰੀਕਾ ਤੇ ਕੈਨੇਡਾ ਨੇ ਆਰਥਿਕਤਾ ਨੂੰ ਮਜ਼ਬੂਤ ਕਰਨ, ਪੌਣਪਾਣੀ ਵਿਚ ਤਬਦੀਲੀ ਵਿਰੁੱਧ ਸੰਘਰਸ਼ ਜਾਰੀ ਰੱਖਣ ਅਤੇ ਬਦਲ ਰਹੇ ਜੀਓਪੋਲੀਟੀਕਲ ਸੁਰੱਖਿਆ ਮੁੱਦਿਆਂ ਨਾਲ ਨਜਿੱਠਣ ਵਰਗੇ ਮੁੱਦਿਆਂ 'ਤੇ ਕੰਮ ਕੀਤਾ ਹੈ।

# ਐਨ.ਡੀ.ਪੀ. ਵਲੋਂ ਲਿਬਰਲ ਸਰਕਾਰ ਦੀ ਹਮਾਇਤ ਬਜਟ ਉਮੀਦਾਂ ਤੇ ਨਿਰਭਰ-ਜਗਮੀਤ ਸਿੰਘ ਫਾਰਮਕੇਅਰ ਨੂੰ ਲੈ ਕੇ ਨਿਰਾਸ਼

ਸ਼ਫ਼ਾ 1 ਦੀ ਬਾਕੀ

ਦਵਾਈਆਂ ਜ਼ਿਆਦਾ ਕਿਫਾਇਤੀ ਕਰਨ ਦਾ ਵਾਅਦਾ ਲਿਆ ਸੀ? ਹੁਣ ਉਨ੍ਹਾਂ ਦਾ ਕਹਿਣਾ ਕਿ ਫਾਰਮਕੇਅਰ ਦੀ ਉਹ ਗੱਲ ਨਹੀਂ ਬਣੀ ਜਿਸ ਦੀ ਉਨ੍ਹਾਂ ਆਸ ਕੀਤੀ ਸੀ। ਸਰਕਾਰ ਦੇ ਇਕ ਸੀਨੀਅਰ ਅਧਿਕਾਰੀ ਨੇ ਦੱਸਿਆ ਕਿ ਬਜਟ ਵਿਚ ਡੈਂਟਲ ਕੇਅਰ ਵਿਸਥਾਰ ਦਾ ਵਾਅਦਾ ਸ਼ਾਮਿਲ ਹੈ ਜਿਸ ਦਾ ਇਸ ਗੱਲ ਤੋਂ ਪਤਾ ਲਗਦਾ ਹੈ ਕਿ ਯੋਜਨਾ ਸਪਲਾਇਰ ਵਜੋਂ ਕੁਆਲੀਫਾਈ ਕਰਨ ਲਈ ਕੰਪਨੀਆਂ ਨੂੰ ਸੱਦਾ ਦੇਣ ਵਾਲਾ ਟੈਂਡਰ ਪਹਿਲਾਂ ਹੀ ਜਾਰੀ ਕਰ ਦਿੱਤਾ ਹੈ। ਅਧਿਕਾਰੀ ਨੇ ਇਹ ਵੀ ਦੱਸਿਆ ਕਿ ਬਜਟ ਵਿਚ ਐਨਡੀਪੀ ਦੀ ਬੇਨਤੀ ਮੁਤਾਬਿਕ ਕਿਫਾਇਤੀ ਉਪਾਅ ਵੀ ਸ਼ਾਮਿਲ ਹੋਣਗੇ? ਫਾਰਮਕੇਅਰ ਦੇ ਮਾਮਲੇ ਵਿਚ ਲਿਬਰਲਜ਼ ਸਮਝੌਤੇ ਵਿਚ ਲਿਖੇ ਵਿਸ਼ੇਸ਼ ਕਦਮਾਂ ਪ੍ਰਤੀ ਵਚਨਬੱਧ ਹੈ ਪਰ ਬਜਟ ਵਿਚ ਹਾਲ ਦੀ ਘੜੀ ਫੁਲ ਫਾਰਮਕੇਅਰ ਯੋਜਨਾ ਸ਼ੁਰੂ ਨਹੀਂ ਹੋਵੇਗੀ ਜਿਸ ਦਾ ਐਨਡੀਪੀ ਨੇ ਸੱਦਾ ਦਿੱਤਾ ਹੈ। ਇਕ ਦੂਸਰੇ ਸੂਤਰ ਨੇ ਦੱਸਿਆ ਕਿ ਸਰਕਾਰ ਮੌਜੂਦਾ ਸਮੇਂ ਮੁਕੰਮਲ ਫਾਰਮਕੇਅਰ ਯੋਜਨਾ ਨੂੰ ਲਾਗੂ ਕਰਨ ਦੀ ਯੋਜਨਾ ਨਹੀਂ ਬਣਾ ਰਹੀ। ਇਕ ਮੁਲਾਕਾਤ ਵਿਚ ਜਗਮੀਤ ਸਿੰਘ ਨੇ ਦੱਸਿਆ ਕਿ ਉਹ ਤੇ ਉਨ੍ਹਾਂ ਦੀ ਪਾਰਟੀ ਡੈਂਟਲ ਕੇਅਰ 'ਤੇ ਕਾਰਵਾਈ ਅਤੇ ਘੱਟ ਆਮਦਨ ਵਾਲੇ ਕੈਨੇਡੀਅਨਾਂ ਦੀ ਵਿਤੀ ਸਹਾਇਤਾ ਮੁਹਈਆ ਕਰਨ ਬਦਲੇ ਘਟਗਿਣਤੀ ਲਿਬਰਲ ਸਰਕਾਰ ਦੀ ਸਮਰਥਨ ਜਾਰੀ ਰੱਖਣ ਲਈ ਤਿਆਰ ਹੈ ਪਰ ਇਹ ਸਵੀਕਾਰ ਕੀਤਾ ਕਿ ਉਹ ਕੁਝ ਨਹੀਂ ਹੋ ਰਿਹਾ ਜਿਸ ਦੀ ਅਸਲ ਵਿਚ ਉਨ੍ਹਾਂ ਨੇ ਆਸ ਕੀਤੀ ਸੀ। ਐਨਡੀਪੀ ਨੇਤਾ ਨੇ ਦਸਿਆ ਕਿ ਫਾਰਮਕੇਅਰ ਨੂੰ ਲੈ ਕੇ ਨਿਰਾਸ਼ਾ ਦੇ ਬਾਵਜੂਦ ਉਨ੍ਹਾਂ ਦੀ ਪਾਰਟੀ ਨੇ ਡੈਂਟਲ ਕੇਅਰ 'ਤੇ ਅਰਥਭਰਪੂਰ ਪ੍ਰਗਤੀ ਕੀਤੀ ਹੈ ਜਦਕਿ ਘੱਟ ਆਮਦਨ ਵਾਲੇ ਕੈਨੇਡੀਅਨ ਲਈ ਜੀਐਸਟੀ ਕਰੈਡਿਟ ਨੂੰ ਆਰਜ਼ੀ ਤੌਰ 'ਤੇ ਦੁੱਗਣਾ ਕਰਵਾਇਆ ਹੈ ਜੋ ਕਿ ਅਸਲ ਸਮਝੌਤੇ ਦਾ ਹਿੱਸਾ ਨਹੀਂ ਸੀ।

Chevron Delo
Freeway
Truck Repair & Tire Shop
Brand New
STATE-OF-THE-ART
Truck Repair & Tire Shop
Opening Special!
We are Open 7 days a Week.
offer ends NOVEMBER 30.2022



TRUCK OIL CHANGE SPECIAL
$375
PLUS FREE PM INSPECTION

SPECIAL SHOP RATE
$90/hr

plus shop supplies and applicable taxes.



ਟਰੱਕਰਜ ਭਰਾਵਾਂ ਲਈ ਖੁਸ਼ਖਬਰੀ
ਖੁੱਲ ਗਿਆ ਰਿਵਰ ਸਾਈਡ ਰੋਡ ਡੈਲਟਾ ਵਿਖੇ ਟਰੱਕ ਰਿਪੇਅਰ ਤੇ ਟਾਇਰ ਸੈਂਟਰ ਜਿਥੇ ਤੁਸੀਂ ਸਾਰੀਆਂ ਮੁਰੰਮਤ ਸਹੂਲਤਾਂ ਲੈ ਸਕਦੇ ਹੋ। ਹੰਢਣਸਾਰ ਗਾਰੰਟੀਸ਼ੁਦਾ ਅਪੋਲੋ ਟਾਇਰ ਪਵਾ ਸਕਦੇ ਹੋ।ਕੈਨੇਡਾ ਵਿਚ ਅਪੋਲੋ ਟਾਇਰ ਦੇ ਇਕੋ ਇਕ ਪ੍ਰਵਾਨਿਤ ਡੀਲਰ।
ਸ਼ੁਭ ਕਾਮਨਾਵਾਂ ਸਹਿਤ- ਕ੍ਰਿਪਾਲ ਮਾਂਗਟ, ਪ੍ਰਿਤਪਾਲ ਸੰਘੇੜਾ, ਅਸ਼ਨੀਤ ਚੰਦਰਾ।
info@freewaytr.com
CALL 604-720-5053,778-701-8185
Address:7544 Vantage Place Delta, BC V4G 1A5

NOW OPEN
ਮਾੜੀ ਮੁਸਤਫਾ ਵਾਲੇ, ਮੋਗੇ ਵਾਲੇ
PJ
PRITAM JEWELLERS
ਪ੍ਰੀਤਮ ਜਿਊਲਰਜ਼

ਅਸੀਂ ਹਰ ਤਰ੍ਹਾਂ ਦੇ ਸੋਨੇ ਦੇ, ਹੀਰਿਆਂ ਦੇ ਗਹਿਣੇ ਤਿਆਰ ਕਰਦੇ ਹਾਂ।
ਇਥੇ ਤੁਹਾਡੇ ਪੁਰਾਣੇ ਸੋਨੇ ਦੀ ਵਧੀਆ ਕੀਮਤ ਦਿੱਤੀ ਜਾਵੇਗੀ।
ਇਥੇ ਕੰਨ, ਨੱਕ ਵਿੰਨੇ ਜਾਂਦੇ ਹਨ, ਗਹਿਣਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ।
PH-604-504-1313
# Unit 118 32083 Hillcrest Ave Abbotsford, BC V2T 1S3

# ਐਮ.ਪੀ. ਹੈਨ ਡੌਂਗ ਨੇ ਲਿਬਰਲ ਕੌਕਸ ਨੂੰ ਛੱਡਿਆ

## ਚੀਨੀ ਕੂਟਨੀਤਕ ਨਾਲ ਗੱਲਬਾਤ ਨਾਲ ਸਬੰਧਤ ਦੋਸ਼ਾਂ ਤੋਂ ਇਨਕਾਰ

ਓਟਵਾ-ਡੌਨ ਵੈਲੀ ਨੌਰਥ ਐਮਪੀ ਹੈਨ ਡੌਂਗ ਨੇ ਬੁੱਧਵਾਰ ਸ਼ਾਮ ਨੂੰ ਐਲਾਨ ਕੀਤਾ ਕਿ ਉਹ ਆਜ਼ਾਦ ਐਮਪੀ ਵਜੋਂ ਬੈਠਣ ਲਈ ਫੈਡਰਲ ਕੌਕਸ ਨੂੰ ਛੱਡ ਰਹੇ ਹਨ ਪਰ ਉਨ੍ਹਾਂ ਨੇ ਚੀਨੀ ਕੂਟਨੀਤਕ ਨਾਲ ਆਪਣੀ ਗੱਲਬਾਤ ਨਾਲ ਸਬੰਧਤ ਦੋਸ਼ਾਂ ਤੋਂ ਇਨਕਾਰ ਕੀਤਾ ਹੈ। ਗਲੋਬਲ ਨਿਊਜ਼ ਵਲੋਂ ਦੋ ਵੱਖ ਵੱਖ ਕੌਮੀ ਸੁੱਰਖਿਆ ਸੂਤਰਾਂ ਦੇ ਹਵਾਲੇ ਨਾਲ ਇਹ ਰਿਪੋਰਟ ਛਾਪਣ ਪਿੱਛੋਂ ਡੌਂਗ ਨੇ ਆਪਣੇ ਫ਼ੈਸਲੇ ਦਾ ਐਲਾਨ ਕੀਤਾ ਕਿ ਡੌਂਗ ਨੇ ਫਰਵਰੀ 2021 ਵਿਚ ਚੀਨ ਦੇ ਸੀਨੀਅਰ ਕੂਟਨੀਤਕ ਨੂੰ ਨਿੱਜੀ ਰੂਪ ਵਿਚ ਸਲਾਹ ਦਿੱਤੀ ਸੀ ਕਿ ਚੀਨ ਨੂੰ ਕੈਨੇਡੀਅਨ ਮਾਈਕਲ ਕੋਵਰਿੰਗ ਅਤੇ ਮਾਈਕਲ ਸਪੇਵਰ ਦੀ ਰਿਹਾਈ ਵਿਚ ਦੇਰ ਕਰਨੀ ਚਾਹੀਦੀ ਹੈ। ਗਲੋਬਲ ਨਿਊਜ਼ ਵਲੋਂ ਛਾਪੇ ਦੋਸ਼ਾਂ ਦੀ ਗਲੋਬ ਐਂਡ ਮੇਲ ਨੇ ਸੁਤੰਤਰ ਤੌਰ 'ਤੇ ਪੁਸ਼ਟੀ ਨਹੀਂ ਕੀਤੀ। ਸੰਸਦ ਵਿਚ ਮੇਰੇ ਸਾਰੇ ਸਹਿਯੋਗੀਆਂ 'ਤੇ ਮੀਡੀਆ ਵਿਚ ਅਣਪ੍ਰਮਾਣਿਤ ਰਿਪੋਰਟਾਂ ਅਤੇ ਗੁੰਮਨਾਮ ਸੂਤਰਾਂ ਨਾਲ ਮੇਰੇ ਅਕਸ 'ਤੇ ਹਮਲਾ ਕੀਤਾ ਹੈ ਅਤੇ ਕੈਨੇਡਾ ਪ੍ਰਤੀ ਮੇਰੀ ਵਫਾਦਾਰੀ 'ਤੇ ਸਵਾਲ ਖੜੇ ਕੀਤੇ ਹਨ। ਉਹ ਸਪਸ਼ਟ ਕਰਨਾ ਚਾਹੁੰਦੇ ਹਨ ਕਿ ਜੋ ਕੁਝ ਛਪਿਆ ਹੈ ਉਹ ਗਲਤ ਹੈ। ਉਹ ਖੁਦ ਝੂਠੇ ਦਾਅਵਿਆਂ ਖਿਲਾਫ ਆਪਣਾ ਬਚਾਅ ਕਰੇਗਾ। ਕੋਵਰਿੰਗ ਅਤੇ ਸਪੇਵਰ ਨੂੰ ਚੀਨ ਦੀਆਂ ਜੇਲ੍ਹਾਂ ਵਿਚ 1000 ਤੋਂ ਵੀ ਜ਼ਿਆਦਾ ਦਿਨ ਗੁਜ਼ਾਰਨੇ ਪਏ ਸਨ। ਦਸੰਬਰ 2018 ਵਿਚ ਉਨ੍ਹਾਂ ਦੀ ਗ੍ਰਿਫ਼ਤਾਰੀ ਨੂੰ ਈਰਾਨ ਖਿਲਾਫ ਅਮਰੀਕੀ ਪਾਬੰਦੀਆਂ ਦੀ ਉਲੰਘਣਾ ਨਾਲ ਸਬੰਧਤ ਧੋਖਾਧੜੀ ਦੇ ਦੋਸ਼ਾਂ ਲਈ ਅਮਰੀਕੀ ਹਵਾਲਗੀ ਵਾਰੰਟ 'ਤੇ ਹੁਆਵੇਈ ਦੀ ਸੀਨੀਅਰ ਐਗਜ਼ੀਕਿਊਟਿਵ ਨੂੰ ਗ੍ਰਿਫਤਾਰ ਕਰਨ ਵਿਰੁੱਧ ਜਵਾਬੀ ਕਾਰਵਾਈ ਸਮਝਿਆ ਜਾਂਦਾ ਹੈ। ਗਲੋਬਲ ਨਿਊਜ਼ ਰਿਪੋਰਟ ਮੁਤਾਬਿਕ ਦੋ ਸੂਤਰਾਂ ਨੇ ਦੱਸਿਆ ਕਿ ਡੌਂਗ ਨੇ ਕਥਿਤ ਰੂਪ ਵਿਚ ਟੋਰਾਂਟੋ ਵਿਚ ਚੀਨ ਦੇ ਕੌਂਸਲ ਜਨਰਲ ਹੈਨ ਤਾਓ ਨੂੰ ਦੱਸਿਆ ਕਿ ਜੇਕਰ ਚੀਨ ਨੇ ਦੋ ਕੈਨੇਡੀਅਨਾਂ ਨੂੰ ਰਿਹਾਅ ਕਰ ਦਿੱਤਾ ਤਾਂ ਫੈਡਰਲ ਕੰਸਰਵੇਟਿਵ ਪਾਰਟੀ ਨੂੰ ਰਾਜਨੀਤਕ ਰੂਪ ਵਿਚ ਲਾਭ ਹੋਵੇਗਾ। ਗਲੋਬਲ ਨਿਊਜ਼ ਨੇ ਕਿਹਾ ਕਿ ਡੌਂਗ ਨੇ ਇਕ ਬਿਆਨ ਵਿਚ ਦੱਸਿਆ ਕਿ ਉਸ ਨੇ ਕੌਂਸਲ ਜਨਰਲ ਨਾਲ ਚਰਚਾ ਕੀਤੀ ਸੀ ਪਰ ਇਸ ਗੱਲ ਤੋਂ ਇਨਕਾਰ ਕੀਤਾ ਕਿ ਉਨ੍ਹਾਂ ਨੇ ਕੋਵਰਿੰਗ ਤੇ ਸਪੇਵਰ ਦੀ ਜੇਲ੍ਹ ਤੋਂ ਰਿਹਾਈ ਵਿਚ ਦੇਰੀ ਕਰਨ ਦੀ ਸਲਾਹ ਦਿੱਤੀ ਸੀ।

Investment & Business
Opportunity VANCOUVER ISLAND
Sutton Sutton Group WestCoast Realty™

Nanaimo, Duncan, Port Alberni, Campbell River Comox & Courtenay
5800 Turner Road Nanaimo, BC
Looking to buy or Sell real Estate or buildings Houses in Nanaimo or Vancouver Island.
Good returns on Your investment

ਕਿਸੇ ਵੀ ਕਿਸਮ ਦੀ ਜਾਇਦਾਦ ਵੇਚਣੀ ਜਾਂ ਖਰੀਦਣੀ ਹੋਵੇ ਅਤੇ ਨਵੇਂ ਮਕਾਨਾਂ ਦੀ ਉਸਾਰੀ ਕਰਨੀ ਹੋਵੇ ਤਾਂ ਭਰੋਸੇਯੋਗ ਸੇਵਾਵਾਂ ਲਈ ਸੰਪਰਕ ਕਰੋ
Please Contact or Call
RAJ BANGA
Realtor & Builder

Email rajpunjab@gmail.com / www.rajbanga.com
Cell: 250-616-7000 Office: 250-756-2112

CASCADE
BATH AND LIGHTING

Mon- Fri
8:30 am – 5:30 pm
Sat 9:00 am- 4:30 pm
Sun Closed
Email: sales@cascadebath.ca Web-www.cascadebath.ca
We are glad to welcome you to our brand new showroom in Langley BC. We serve clients across Lower Mainland. We specialize in fancy bath lighting fittings and have the widest range of latest and fashionable products to choose from. All our products are best in terms of quality and affordability.
WE CRAFT PRODUCTS, EXPERIENCES & amp; PLATFORMS THAT TRANSFORM BRANDS.
Riobel Cascade BLANCO MOEN mirolin
PH: 604-510-9400 FAX: 604-510-9401
20667 LANGLEY BYPASS LANGLEY, B.C.V3A 5E8

SAHARA LAW CORPORATION
BARRISTER SOLICITOR & NOTARY PUBLIC
saharalawcorp@gmail.com 778-347-7525
ਸਹਾਰਾ ਲਾਅ ਕਾਰਪੋਰੇਸ਼ਨ
ਬੈਰਿਸਟਰ ਸਾਲਿਸਟਰ ਅਤੇ ਨੋਟਰੀ ਪਬਲਿਕ
• Areas of Practice • ਸਰਵਿਸਜ
• Family Law • ਫੈਮਲੀ ਲਾਅ
• Immigration Law • ਇੰਮੀਗ੍ਰੇਸ਼ਨ ਲਾਅ
• Criminal Law • ਕ੍ਰਿਮੀਨਲ ਲਾਅ
• Real Estate Law • ਰੀਅਲ ਅਸਟੇਟ ਲਾਅ
• Notary Services • ਨੋਟਰੀ ਸੇਵਾਵਾਂ
(Provide all Kinds of Notary Services) (ਹਰ ਤਰ੍ਹਾਂ ਦੀਆਂ ਨੋਟਰੀ ਸੇਵਾਵਾਂ ਉਪਲਬਧ ਹਨ)

Gurmeet Singh Chaina
20 YEARS OF EXPERIENCE AS A LAWER IN INDIA
Also member of Punjab & Haryana High Court Bar Association and Free consultation About your litigation matters in India.
FREE CONSULTATION
Mon-Sat 9am-5pm
205-2580 Cedar Park, Abbotsford, BC V2T 3S5

A-CLASS ELECTRIC LTD.

Trusted Name in The Community
HOUSE WIRING -
TOWN HOUSES WIRING -
COMMERCIAL WIRING -
INDUSTRIAL WIRING -
RENOVATIONS -
ALARM WIRING -
VACUUM
Serving The Community For More Than 25 Years
SATISFACTION 100% GUARANTEED
ONE DAY SERVICE FOR 8 JOBS
-ELECTRIC - VACUUM - ALARMS - CABLE &
TELEPHONE WIRING - INTERCOM
- VIDEO CAMERA - SOUND SYSTEM
- DISH - HOME THEATER
BEST RATES & FRIENDLY SERVICE
CALL FOR FREE ESTIMATES
CELL: 604.780.5600
CELL: 604.351.2538
mssaini48@hotmail.com

TEL: 604.596.5474
FAX: 604.596.4988
MANJIT
CLASS "A" CERTIFIED








# ਸਰੀ ਵਿਚ ਭਾਰੀ ਰੋਸ ਪ੍ਰਦਰਸ਼ਨ ਕਾਰਣ ਭਾਰਤੀ ਹਾਈ ਕਮਿਸ਼ਨਰ ਦਾ ਸਮਾਗਮ ਰੱਦ ਕਰਨਾ ਪਿਆ

## • ਭਾਈਚਾਰੇ ਵਿਚ ਪਾੜੇ ਪਾਉਣ ਦੀ ਸਾਜਿਸ਼, ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ-ਮਨਿੰਦਰ ਗਿੱਲ

## • ਰੋਸ ਪ੍ਰਦਰਸ਼ਨ ਸਫਲ ਰਿਹਾ, ਦੁਰਵਿਹਾਰ ਦੀ ਘਟਨਾ ਲਈ ਅਸੀ ਜਿੰਮੇਵਾਰ ਨਹੀ-ਹਰਦੀਪ ਸਿੰਘ ਨਿੱਝਰ


ਮਨਿੰਦਰ ਸਿੰਘ ਗਿੱਲ


ਹਰਦੀਪ ਸਿੰਘ ਨਿੱਝਰ

ਸ਼ਫਾ 1 ਦੀ ਬਾਕੀ

ਹਾਈ ਕਮਿਸ਼ਨਰ ਤੇ ਭਾਰਤ ਸਰਕਾਰ ਖਿਲਾਫ ਭਾਰੀ ਨਾਅਰੇਬਾਜੀ ਕਰਨੀ ਸ਼ੁਰੂ ਕਰ ਦਿੱਤੀ। ਮੰਚ ਉਪਰ ਮੁੱਖ ਬੁਲਾਰੇ ਵਜੋਂ ਗੁਰਦੁਆਰਾ ਗੁਰੂ ਨਾਨਕ ਟੈਂਪਲ ਸਰੀ ਡੈਲਟਾ ਦੇ ਪ੍ਰਧਾਨ ਹਰਦੀਪ ਸਿੰਘ ਨਿੱਝਰ ਨੇ ਸਖਤ ਸ਼ਬਦਾਂ ਵਿਚ ਭਾਰਤ ਸਰਕਾਰ ਤੇ ਅਧਿਕਾਰੀਆਂ ਨੂੰ ਤਾੜਨਾ ਕੀਤੀ ਤੇ ਖਾਲਿਸਤਾਨ ਦੇ ਨਾਅਰੇ ਲਗਾਕੇ ਭਾਰਤ ਸਰਕਾਰ ਤੱਕ ਬੁਲੰਦ ਆਵਾਜ਼ ਪਹੁੰਚਾਉਣ ਦਾ ਸੱਦਾ ਦਿੱਤਾ। ਇਸ ਮੌਕੇ ਉਹਨਾਂ ਨੇ ਪੰਜਾਬ ਪੁਲਿਸ ਵਲੋਂ ਸਿੱਖ ਨੌਜਵਾਨਾਂ ਦੀ ਫੜੋ ਫੜੀ ਕਰਨ ਤੇ ਉਹਨਾਂ ਨੂੰ ਜਲੀਲ ਕੀਤੇ ਜਾਣ ਦੇ ਬਦਲੇ ਵਜੋਂ ਪੁਲਿਸ ਅਫਸਰਾਂ ਦੇ ਕੈਨੇਡਾ ਵਿਚ ਪੜਾਈ ਕਰਨ ਆਏ ਨੌਜਵਾਨ ਬੱਚੇ ਬੱਚੀਆਂ ਖਿਲਾਫ ਵੀ ਬਦਲਾਲਊ ਕਾਰਵਾਈ ਦੀ ਚੇਤਾਵਨੀ ਦਿੱਤੀ। ਮੁਜ਼ਾਹਰਕਾਰੀਆਂ ਦੇ ਇਕ ਬੁਲਾਰੇ ਵਲੋਂ ਭਾਵੇਂਕਿ ਇਸ ਰੋਸ ਵਿਖਾਵੇ ਨੂੰ ਸ਼ਾਂਤਮਈ ਰੱਖੇ ਜਾਣ ਦਾ ਦਾਅਵਾ ਕੀਤਾ ਗਿਆ ਪਰ ਇਸ ਦੌਰਾਨ ਸਮਾਗਮ ਵਿਚ ਪੁੱਜਣ ਵਾਲੇ ਕੁਝ ਮਹਿਮਾਨਾਂ ਨੂੰ ਉਹਨਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੋਣਾ ਪਿਆ। ਵਿਖਾਵਾਕਾਰੀਆਂ ਦੇ ਗੁੱਸੇ ਦਾ ਸ਼ਿਕਾਰ ਹੋਏ ਦੋ ਮਹਿਮਾਨਾਂ ਨੂੰ ਪੁਲਿਸ ਵਲੋਂ ਬਚਾਕੇ ਸੁਰੱਖਿਅਤ ਲਿਜਾਂਦੇ ਵੇਖਿਆ ਗਿਆ। ਇਸ ਦੌਰਾਨ ਇਕ ਉਘੇ ਰੇਡੀਓ ਹੋਸਟ ਨੂੰ ਉਥੇ ਵੇਖਦਿਆਂ ਮੰਚ ਤੋ ਭੱਦੀ ਸ਼ਬਦਾਵਾਲੀ ਦਾ ਪ੍ਰਯੋਗ ਕਰਦਿਆਂ ਅਤੇ ਭਾਰਤ ਪੱਖੀ ਮੀਡੀਆ ਖਿਲਾਫ ਭਾਰੀ ਨਾਅਰੇਬਾਜੀ ਕੀਤੀ ਗਈ। ਕੁਝ ਵਿਖਾਵਾਕਾਰੀਆਂ ਨੇ ਰੇਡੀਓ ਹੋਸਟ ਨੂੰ ਘੇਰਨ ਯਤਨ ਵੀ ਕੀਤਾ ਪਰ ਉਸ ਵਲੋਂ ਸਪੱਸ਼ਟੀਕਰਣ ਦੇਣ ਦੇ ਬਾਵਜੂਦ ਉਸਦੇ ਖਿਲਾਫ ਮੰਦੀ ਸ਼ਬਦਾਵਲੀ ਜਾਰੀ ਰਹੀ। ਮੌਕੇ ਤੇ ਮੌਜੂਦ ਪੁਲਿਸ ਨੇ ਉਸਨੂੰ ਉਸਦੀ ਗੱਡੀ ਤੱਕ ਸੁਰੱਖਿਅਤ ਪਹੁੰਚਾਇਆ। ਬਾਦ ਵਿਚ ਮਿਲੀ ਸੂਚਨਾ ਮੁਤਾਬਿਕ ਕੁਝ ਵਿਖਾਵਾਕਾਰੀ ਸਮਾਗਮ ਵਾਲੀ ਥਾਂ ਅੰਦਰ ਹਾਲ ਵਿਚ ਵੀ ਪੁੱਜ ਗਏ ਤੇ ਮੁੱਖ ਪ੍ਰਬੰਧਕ ਸਮੇਤ ਕੁਝ ਹੋਰ ਮਹਿਮਾਨਾਂ ਨਾਲ ਹੱਥਪਾਈ ਦੀ ਕੋਸ਼ਿਸ਼ ਵੀ ਕੀਤੀ ਗਈ। ਇਸ ਸਬੰਧੀ ਇਕ ਵੀਡੀਓ ਕਲਿਪ ਸੋਸ਼ਲ ਮੀਡੀਆ ਉਪਰ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਮੁਜਾਹਰਾਕਾਰੀਆਂ ਦੇ ਘੇਰੇ ਨੂੰ ਤੋੜਕੇ ਇਕ ਸਥਾਨਕ ਰੀਐਲਟਰ ਵਲੋਂ ਸਮਾਗਮ ਵਾਲੀ ਥਾਂ ਜਾਣ ਦੀ ਕੋਸ਼ਿਸ਼ ਵੀ ਕਾਫੀ ਮਹਿੰਗੀ ਪਈ। ਵਿਖਾਵਾਕਾਰੀਆਂ ਚੋ ਕੁਝ ਨੌਜਵਾਨਾਂ ਨੇ ਉਸਨੂੰ ਘੇਰ ਲਿਆ ਤੇ ਕੁੱਟਮਾਰ ਕੀਤੀ ਜਿਸਨੂੰ ਪੁਲਿਸ ਨੇ ਬਚਾਇਆ।

ਵਿਖਾਵਾਕਾਰੀਆਂ ਦੇ ਗੁੱਸੇ ਦਾ ਸ਼ਿਕਾਰ ਹੋਏ ਇਕ ਰੀਐਲਟਰ ਤੱਕ ਪਹੁੰਚ ਕਰਨ ਤੇ ਉਸਨੇ ਦੇਸ ਪ੍ਰਦੇਸ ਨੂੰ ਦੱਸਿਆ ਕਿ ਉਸਦੇ ਸਿਰ ਵਿਚ ਕਿਸੇ ਨੇ ਭਾਰੀ ਵਸਤੂ ਮਾਰੀ ਜਿਸ ਕਾਰਣ ਉਹ ਬੌਂਦਲਕੇ ਡਿੱਗ ਪਿਆ। ਉਸਦੀ ਕੁੱਟਮਾਰ ਕਰਨ ਨਾਲ ਉਸਦੀ ਇਕ ਪੱਸਲੀ ਟੁੱਟ ਗਈ ਹੈ। ਉਸਦਾ ਕਹਿਣਾ ਹੈ ਕਿ ਉਸਨੂੰ ਵਿਖਾਵਾਕਾਰੀਆਂ ਦੀ ਕੁੱਟ ਤੋ ਪੁਲਿਸ ਨੇ ਬਚਾਇਆ ਹੈ ਤੇ ਇਸ ਸਬੰਧੀ ਉਸਨੇ ਸ਼ਿਕਾਇਤ ਵੀ ਦਰਜ ਕਰਵਾ ਦਿੱਤੀ ਹੈ। ਉਸਨੇ ਹੋਰ ਦੱਸਿਆ ਕਿ ਉਹ ਸਮਾਗਮ ਵਾਲੀ ਥਾਂ ਇਸ ਲਈ ਗਿਆ ਸੀ ਕਿ ਉਹ ਰੀਅਲ ਇਸਟੇਟ ਬੋਰਡ ਦੀ ਇਲੈਕਸ਼ਨ ਦਾ ਉਮੀਦਵਾਰ ਸੀ ਤੇ ਇਸ ਮਕਸਦ ਲਈ ਉਹ ਸਮਾਗਮ ਵਾਲੀ ਥਾਂ ਆਪਣੀ ਪ੍ਰਚਾਰ ਸਮੱਗਰੀ ਵੰਡਣ ਜਾ ਰਿਹਾ ਸੀ। ਉਸ ਉਪਰ ਹਮਲੇ ਦੌਰਾਨ ਚੋਣ ਪ੍ਰਚਾਰ ਸਮੱਗਰੀ ਖਿੱਲਰ ਗਈ। ਇਸੇ ਦੌਰਾਨ ਹਾਈ ਕਮਿਸ਼ਨਰ ਦੇ ਸਮਾਗਮ ਦੇ ਮੁੱਖ ਪ੍ਰਬੰਧਕ ਮਨਿੰਦਰ ਸਿੰਘ ਗਿੱਲ ਨੇ ਇਕ ਬਿਆਨ ਰਾਹੀ ਇਸ ਘਟਨਾ ਦੀ ਕਰੜੀ ਨਿੰਦਾ ਕਰਦਿਆਂ ਵਿਖਾਵਾਕਾਰੀਆਂ ਵਲੋਂ ਉਹਨਾਂ ਦੇ ਸੱਦੇ ਉਪਰ ਆਉਣ ਵਾਲੇ ਮਹਿਮਾਨਾਂ ਨਾਲ ਦੁਰਵਿਹਾਰ ਕੀਤੇ ਜਾਣ ਜੀ ਘਟਨਾ ਨੂੰ ਸਥਾਨਕ ਭਾਈਚਾਰੇ ਵਿਚ ਨਫਰਤ ਫੈਲਾਉਣ ਤੇ ਦਰਾੜਾਂ ਪਾਉਣ ਵਾਲੀ ਕਾਰਵਾਈ ਦੱਸਿਆ । ਉਹਨਾਂ ਕਿਹਾ ਕਿ ਉਹਨਾਂ ਵਲੋਂ ਪਰਵਾਸੀਆਂ ਤੇ ਸਿੱਖ ਮਸਲਿਆਂ ਲਈ ਇਕ ਮੰਗ ਪੱਤਰ ਤਿਆਰ ਕੀਤਾ ਗਿਆ ਸੀ ਜੋ ਹਾਈ ਕਮਿਸ਼ਨਰ ਨੂੰ ਦਿੱਤਾ ਜਾਣਾ ਸੀ ਪਰ ਅਫਸੋਸ ਸ਼ਾਇਦ ਵਿਖਾਵਾਕਾਰੀ ਕਿਸੇ ਮਸਲੇ ਦਾ ਹੱਲ ਚਾਹੁੰਦੇ ਹੀ ਨਹੀ ਹਨ। ਉਹਨਾਂ ਕਿਹਾ ਕਿ ਉਹਨਾਂ ਨੇ ਇਸ ਘਟਨਾ ਖਿਲਾਫ ਅਤੇ ਸਮਾਗਮ ਵਿਚ ਵਿਘਨ ਪਾਉਣ ਲਈ ਜਿੰਮੇਵਾਰ ਵਿਅਕਤੀਆਂ ਖਿਲਾਫ ਪੁਲਿਸ ਕੋਲ ਸ਼ਿਕਾਇਤ ਦਰਜ ਕਰਵਾਈ ਹੈ। ਇਸੇ ਦੌਰਾਨ ਦੇਸ ਪ੍ਰਦੇਸ ਦੇ ਪ੍ਰਤੀਨਿਧ ਵੱਲੋਂ ਰੋਸ ਪ੍ਰਦਰਸ਼ਨ ਦੀ ਅਗਵਾਈ ਕਰਨ ਵਾਲੇ ਭਾਈ ਹਰਦੀਪ ਸਿੰਘ ਨਿੱਝਰ ਨਾਲ ਗੱਲ ਕੀਤੀ ਤਾਂ ਉਹਨਾਂ ਰੋਸ ਪ੍ਰਦਰਸ਼ਨ ਦੌਰਾਨ ਕਿਸੇ ਵੀ ਮਹਿਮਾਨ ਨਾਲ ਦੁਰਵਿਹਾਰ ਕੀਤੇ ਜਾਣ ਦੀ ਘਟਨਾ ਤੋ ਅਣਜਾਣਤਾ ਪ੍ਰਗਟਾਈ। ਉਹਨਾਂ ਕਿਹਾ ਕਿ ਉਹਨਾਂ ਦਾ ਮਕਸਦ ਪੰਜਾਬ ਵਿਚ ਭਾਈ ਅੰਮ੍ਰਿਤਪਾਲ ਸਿੰਘ ਤੇ ਸਿੱਖ ਨੌਜਵਾਨਾਂ ਖਿਲਾਫ ਪੁਲਿਸ ਕਾਰਵਾਈ ਦੇ ਰੋਸ ਵਜੋਂ ਭਾਰਤੀ ਹਾਈਕਮਿਸ਼ਨਰ ਦੇ ਘੇਰਾਓ ਦਾ ਪ੍ਰੋਗਰਾਮ ਉਲੀਕਿਆ ਸੀ ਜੋ ਪੂਰੀ ਤਰਾਂ ਸਫਲ ਰਿਹਾ। ਰੋਸ ਪ੍ਰਦਰਸ਼ਨ ਦੌਰਾਨ ਇਕ ਉਘੇ ਰੇਡੀਓ ਹੋਸਟ ਨੂੰ ਘੇਰੇ ਜਾਣ ਲਈ ਮੀਡੀਆ ਦੀ ਆਜਾਦੀ ਉਪਰ ਹਮਲੇ ਵਜੋਂ ਪੁੱਛੇ ਜਾਣ ਤੇ ਉਹਨਾਂ ਕਿਹਾ ਕਿ ਕੁਝ ਇਕ ਰੇਡੀਓ ਹੋਸਟ ਆਪਣੇ ਪ੍ਰੋਗਰਾਮਾਂ ਵਿਚ ਪੱਤਰਕਾਰੀ ਦੀ ਸਾਰੀ ਮਾਣ ਮਰਿਆਦਾ ਭੁੱਲ ਜਾਂਦੇ ਹਨ, ਅਜਿਹੇ ਲੋਕਾਂ ਨੂੰ ਘੇਰਕੇ ਸਵਾਲ ਕਰਨੇ ਬਣਦੇ ਹਨ। ਉਹਨਾਂ ਹੋਰ ਕਿਹਾ ਕਿ ਉਹ ਅਗਲੇ ਦਿਨਾਂ ਵਿਚ ਅਜਿਹੇ ਰੇਡੀਓ ਹੋਸਟਾਂ ਦਾ ਘੇਰਾਓ ਕਰਨ ਦਾ ਪ੍ਰੋਗਰਾਮ ਵੀ ਬਣਾ ਰਹੇ ਹਨ।



• ਰੋਸ ਪ੍ਰਦਰਸ਼ਨ ਦੌਰਾਨ ਵਿਖਾਵਾਕਾਰੀਆਂ ਦੇ ਹਮਲੇ ਦਾ ਸ਼ਿਕਾਰ ਹੋਏ ਰੀਐਲਟਰ ਗੁਰਤੇਜ ਸਿੰਘ ਗਿੱਲ ਨੂੰ ਪੁਲਿਸ ਸੁਰੱਖਿਅਤ ਲੈਕੇ ਜਾਂਦੀ ਹੋਈ।









# Keshav Electric
## Renovation & Construction Ltd.

- Complete Electrical Services
- New House Wiring
- New Installation
- Service, Repairs, Upgrade
- Troubleshooting Specialist
- Upgrades and Panel Changing
- Complete Low Voltage Services
- Kitchen Renovation
- Washroom Renovation
- Siding / Roofing / Sundeck / Tiles
- Framing / Drywall / Plumbing
- Home Clean-up

Free Estimate, Best Service Best Price

Service calls 24/ 7days available

CANADA

Certified, Licensed & Insured

25 Years of Experience

604-729-6853

RESIDENTIAL, COMMERCIAL & INDUSTRIAL

OFFICE : 9000 Prince Charles blwd, Surrey BC Canada V3V1R5

www.keshavelectric.com

# ਵੱਖ-ਵੱਖ ਪਾਰਟੀਆਂ ਦੇ ਕੈਨੇਡੀਅਨ ਐਮਪੀਜ਼ ਨੇ ਪੰਜਾਬ ਵਿਚ ਫੜੋ-ਫੜੀ ਦੀ ਕੀਤੀ ਨਿਖੇਧੀ

ਓਟਵਾ-ਕੈਨੇਡਾ ਦੀਆਂ ਵੱਖ ਵੱਖ ਪਾਰਟੀਆਂ ਦੇ ਐਮਪੀਜ਼ ਨੇ ਭਾਰਤ ਸਰਕਾਰ ਵਲੋਂ ਪੰਜਾਬ ਵਿਚ ਫੜੋ ਫੜੀ ਦੀ ਨਿਖੇਧੀ ਕੀਤੀ ਹੈ ਅਤੇ ਜਿਹੜੇ ਐਮਪੀ ਇੰਟਰਨੈੱਟ ਪਾਬੰਦੀਆਂ ਦੀ ਨਿਖੇਧੀ ਕਰ ਰਹੇ ਹਨ, ਉਨ੍ਹਾਂ ਨੂੰ ਧਮਕੀਆਂ ਮਿਲ ਰਹੀਆਂ ਹਨ। ਲਗਪਗ ਤਿੰਨ ਦਿਨ ਪੰਜਾਬ ਵਿਚ ਅਧਿਕਾਰੀਆਂ ਨੇ ਇੰਟਰਨੈੱਟ ਸੇਵਾਵਾਂ ਅਤੇ ਲੋਕਾਂ ਦੇ ਇਕੱਠੇ ਹੋਣ ’ਤੇ ਪਾਬੰਦੀ ਲਗਾਈ ਰੱਖੀ ਕਿਉਂਕਿ ਅਧਿਕਾਰੀ ਵੱਖਵਾਦੀ ਸਿੱਖ ਨੇਤਾ ਅੰਮ੍ਰਿਤਪਾਲ ਸਿੰਘ ਦੀ ਭਾਲ ਕਰ ਰਹੇ ਹਨ। ਇੰਟਰਨੈੱਟ ਸੇਵਾਵਾਂ ਕੁਝ ਜ਼ਿਲ੍ਹਿਆਂ ਵਿਚ ਅਜੇ ਵੀ ਠੱਪ ਹਨ। ਅੰਤਰਰਾਸ਼ਟਰੀ ਮੀਡੀਆ ਰਿਪੋਰਟਾਂ ਮੁਤਾਬਿਕ ਅੰਮ੍ਰਿਤਸਰ ਜਿਲ੍ਹੇ ਦੇ ਥਾਣਾ ਅਜਨਾਲਾ ’ਤੇ ਹਿੰਸਕ ਹਮਲਾ ਕਰਨ ਤੋਂ ਇਕ ਮਹੀਨਾ ਪਿੱਛੋਂ ਪੁਲਿਸ ਅੰਮ੍ਰਿਤਪਾਲ ਸਿੰਘ ਖਿਲਾਫ ਕਾਰਵਾਈ ਕਰ ਰਹੀ ਹੈ। ਕੰਸਰਵੇਟਿਵ ਡਿਪਟੀ ਲੀਡਰ ਟਿਮ ਉੱਪਲ ਨੇ ਇਕ ਮੁਲਾਕਾਤ ਵਿਚ ਕਿਹਾ ਕਿ ਕੈਨੇਡੀਅਨ ਮੈਂਬਰ ਪਾਰਲੀਮੈਂਟ ਵਜੋਂ ਅਸੀਂ ਇਹ ਯਕੀਨੀ ਬਣਾਉਣ ਦੀ ਕੋਸ਼ਿਸ਼ ਕਰ ਰਹੇ ਹਾਂ ਕਿ ਉਹ ਕੈਨੇਡੀਅਨ ਸੁਰੱਖਿਅਤ ਰਹਿਣ ਜਿਹੜੇ ਭਾਰਤ ਗਏ ਹੋਏ ਹਨ। ਅਸੀਂ ਇਸ ਨੂੰ ਚਿੰਤਾ ਵਜੋਂ ਉਠਾਇਆ ਹੈ। ਐਡਮਿੰਟਨ ਤੋਂ ਐਮਪੀ ਉਨ੍ਹਾਂ ਕੁਝ ਸੰਸਦ ਮੈਂਬਰਾਂ ਵਿਚ ਸ਼ਾਮਿਲ ਹੈ ਜਿਨ੍ਹਾਂ ਨੇ ਪਾਰਟੀ ਲੀਹਾਂ ਤੋਂ ਉੱਪਰ ਉੱਠ ਕੇ ਚਿੰਤਾ ਜ਼ਾਹਿਰ ਕੀਤੀ ਹੈ ਜਦਕਿ ਪੰਜਾਬ ਵਿਚ ਕਰੋੜਾਂ ਲੋਕਾਂ ਨੂੰ ਇੰਟਰਨੈੱਟ ਪਹੁੰਚ ਤੋਂ ਦੂਰ ਰੱਖਿਆ ਗਿਆ ਹੈ। ਉਨ੍ਹਾਂ ਦੇ ਸਹਿਯੋਗੀ ਕੰਸਰਵੇਟਿਵ ਐਮਪੀ ਜਸਰਾਜ ਸਿੰਘ ਹੱਲਣ



ਜਗਮੀਤ ਸਿੰਘ



ਜਸਰਾਜ ਸਿੰਘ ਹੱਲਣ



ਸੋਨੀਆ ਸਿੱਧੂ



ਅਕਵਿੰਦਰ ਗਹੀਰ

ਜਿਹੜੇ ਪਾਰਟੀ ਦੇ ਹਾਈ ਪ੍ਰੋਫਾਈਲ ਵਿਤੀ ਆਲੋਚਕ ਹਨ ਨੇ ਕਿਹਾ ਕਿ ਉਹ ਸਥਿਤੀ ’ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਟਰੂਡੋ ਕੈਬਨਿਟ ਨੇ ਸਥਿਤੀ ’ਤੇ ਟਿੱਪਣੀ ਨਾ ਕਰਨ ਦੀ ਚੋਣ ਕੀਤੀ ਹੈ ਅਤੇ ਵਿਦੇਸ਼ ਮੰਤਰੀ ਮੇਲਾਨੀਆਂ ਜੋਲੀ ਨੇ ਗਲੋਬਲ ਅਫੇਅਰਜ ਕੈਨੇਡਾ ਨੂੰ ਅੱਗੇ ਪਾ ਦਿੱਤਾ ਹੈ। ਵਿਭਾਗ ਦੀ ਬੁਲਾਰਨ ਮੈਰੀਲੀਨੇ ਗਵੇਰੇਮੋਂਟ ਨੇ ਲਿਖਿਆ ਕਿ ਅਸੀਂ ਸਥਿਤੀ ’ਤੇ ਨੇੜਿਓਂ ਨਜ਼ਰ ਰੱਖ ਰਹੇ ਹਾਂ ਅਤੇ ਦਿੱਲੀ ਵਿਚ ਕੈਨੇਡੀਅਨ ਹਾਈ ਕਮਿਸ਼ਨ ਅਤੇ ਓਟਵਾ ਵਿਚ ਭਾਰਤੀ ਹਾਈ ਕਮਿਸ਼ਨ ਨਾਲ ਸੰਪਰਕ ਰੱਖ ਰਹੇ ਹਾਂ। ਸੋਨੀਆ ਸਿੱਧੂ ਨੇ ਟਵਿੱਟਰ ’ਤੇ ਲਿਖਿਆ ਕਿ ਉਸ ਨੂੰ ਆਪਣੇ ਲੋਕਾਂ ਤੋਂ ਫੋਨ ਆ ਰਹੇ ਹਨ ਅਤੇ ਉਹ ਬਹੁਤ ਚਿੰਤਤ ਹੈ। ਗਰੇਟਰ ਟੋਰਾਂਟੋ ਏਰੀਆ ਦੇ ਐਮਪੀ ਇਕਵਿੰਦਰ ਗਹੀਰ ਨੇ ਵੀ ਕਿਹਾ ਕਿ ਉਸ ਦੇ ਹਲਕੇ ਦੇ ਲੋਕਾਂ ਨੇ ਪਹੁੰਚ ਕਰਕੇ ਚਿੰਤਾ ਜ਼ਾਹਿਰ ਕੀਤੀ ਹੈ। ਗਹੀਰ ਨੇ ਟਵੀਟ ਕਰਦਿਆਂ ਲਿਖਿਆ ਕਿ ਲੋਕਤੰਤਰ ਵਿਚ ਨਾਗਰਿਕ ਹੱਕ ਅਤੇ ਆਜ਼ਾਦੀ ਕਾਇਮ ਰੱਖੀ ਜਾਣੀ ਚਾਹੀਦੀ ਹੈ। ਐਨਡੀਪੀ ਨੇਤਾ ਜਗਮੀਤ ਸਿੰਘ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੂੰ ਅਪੀਲ ਕਰ ਰਹੇ ਹਨ ਕਿ ਉਹ ਸ਼ਹਿਰੀ ਆਜ਼ਾਦੀਆਂ ਨੂੰ ਮੁਅੱਤਲ ਕਰਨ ਅਤੇ ਵਿਦੇਸ਼ ਵਿਚ ਕੈਨੇਡੀਅਨਾਂ ਦੀ ਸੁਰੱਖਿਆ ਸਬੰਧੀ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਕੋਲ ਫੋਨ ’ਤੇ ਚਿੰਤਾ ਜ਼ਾਹਿਰ ਕਰਨ। ਇਕ ਦਹਾਕਾ ਪਹਿਲਾਂ ਭਾਰਤ ਨੇ ਜਗਮੀਤ ਸਿੰਘ ਨੂੰ ਵੀਜ਼ਾ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਕਈ ਲੋਕ ਵੀਜ਼ੇ ਤੋਂ ਇਨਕਾਰ ਕਰਨ ਦੀ ਕਾਰਵਾਈ ਨੂੰ ਸਿੱਖਾਂ ਲਈ ਵਕਾਲਤ ਕਰਨ ਦੇ ਜਵਾਬ ਵਜੋਂ ਦੇਖਦੇ ਹਨ। ਉਨ੍ਹਾਂ ਟਵਿੱਟਰ ’ਤੇ ਲਿਖਿਆ ਕਿ ਸੰਚਾਰ ’ਤੇ ਪਾਬੰਦੀਆਂ ਭਾਰਤ ਵਿਚ ਬੀਤੇ ਕਾਲੇ ਸਮੇਂ ਦੀ ਗੂੰਜ ਹੈ। ਸਿੰਘ ਨੇ ਲਿਖਿਆ ਕਿ 1984 ਵਿਚ ਸਿੱਖ ਨਸਲਕੁਸ਼ੀ ਦੌਰਾਨ ਗੈਰਨਿਆਂਇਕ ਕਤਲਾਂ ਅਤੇ ਚੁੱਕ ਕੇ ਲਾਪਤਾ ਕਰਨ ਲਈ ਇਨ੍ਹਾਂ ਉਪਾਵਾਂ ਦੀ ਬੀਤੇ ਸਮੇਂ ਵਿਚ ਵਰਤੋਂ ਦੇ ਮੱਦੇਨਜ਼ਰ ਇਹ ਸਖਤ ਕਦਮ ਬਹੁਤ ਸਾਰੇ ਲੋਕਾਂ ਨੂੰ ਪ੍ਰੇਸ਼ਾਨ ਕਰਨ ਵਾਲੇ ਹਨ। ਉਹ ਦੰਗਿਆਂ ਦਾ ਹਵਾਲਾ ਦੇ ਰੇਹ ਸਨ ਜਿਨ੍ਹਾਂ ਨੂੰ ਕੈਨੇਡਾ ਅਧਿਕਾਰਤ ਤੌਰ ’ਤੇ ਨਸਲਕੁਸ਼ੀ ਨਹੀਂ ਮੰਨਦਾ ਜਿਸ ਵਿਚ ਸਾਬਕਾ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੇ ਕਤਲ ਪਿੱਛੋਂ 3000 ਸਿੱਖਾਂ ਨੂੰ ਮਾਰ ਦਿੱਤਾ ਗਿਆ ਸੀ। ਵਰਲਡ ਸਿੱਖ ਸੰਗਠਨ ਨੇ ਕਿਹਾ ਕਿ ਕਈ ਐਮਪੀਜ਼ ਜਿਨ੍ਹਾਂ ਨੇ ਚਿੰਤਾ ਜ਼ਾਹਿਰ ਕੀਤੀ ਨੂੰ ਆਨਲਾਈਨ ਅਕਾਊਂਟਸ ਤੋਂ ਗਾਲਾਂ ਕੱਢੀਆਂ ਜਾ ਰਹੀਆਂ ਹਨ ਜਿਹੜੇ ਆਪਣੇ ਆਪ ਦੀ ਪਛਾਣ ਮੋਦੀ ਦੇ ਸਮਰਥਕ ਵਜੋਂ ਦੱਸਦੇ ਹਨ। ਇਕ ਅਕਾਊਂਟ ਤੋਂ ਲੋਕਾਂ ਨੂੰ ਸੱਦਾ ਦਿੱਤਾ ਕਿ ਗਹੀਰ ਨੂੰ ਸਬਕ ਸਿਖਾਇਆ ਜਾਵੇ। ਇਕ ਹੋਰ ਵਿਅਕਤੀ ਨੇ ਲੋਕਾਂ ਨੂੰ ਕਿਹਾ ਕਿ ਜਗਮੀਤ ਸਿੰਘ ਵਰਗਿਆਂ ਨੂੰ ਭਾਰਤ ਖਿੱਚ ਕੇ ਲਿਜਾਇਆ ਜਾਵੇ ਅਤੇ ਉਨ੍ਹਾਂ ਨੂੰ ਭਾਰਤੀ ਕਾਨੂੰਨਾਂ ਬਾਰੇ ਕੁਝ ਸਿਖਾਇਆ ਜਾਵੇ।

## ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਗੁਰਦੁਆਰਾ ਸਿੰਘ ਸਭਾ ਅਪ੍ਰੀਲੀਆ (ਲਾਤੀਨਾ) ਵਿਖੇ 7 ਮਈ ਨੂੰ ਸਜਾਇਆ ਜਾਵੇਗਾ ਵਿਸ਼ਾਲ ਨਗਰ ਕੀਰਤਨ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ) ਸਰਬੰਸਦਾਨੀ ਦਸਮੇਸ਼ ਪਿਤਾ ਧੰਨ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਵਲੋਂ ਸੰਨ 1699 ਵਿਸਾਖੀ ਵਾਲੇ ਦਿਨ ਖ਼ਾਲਸਾ ਪੰਥ ਦੀ ਸਥਾਪਨਾ ਕੀਤੀ। ਇਸ ਦੇ ਸੰਬੰਧ ਵਿੱਚ ਹਰ ਸਾਲ ਦੇਸ਼ਾਂ ਵਿਦੇਸ਼ਾਂ ਵਿੱਚ ਵਿਸ਼ਾਲ



ਨਗਰ ਕੀਰਤਨ ਸਜਾਏ ਜਾਂਦੇ ਹਨ। ਇਸ ਲੜੀ ਤਹਿਤ ਇਟਲੀ ਦੇ ਸੂਬਾ ਲਾਸੀਓ ਦੇ ਅਤੇ ਜ਼ਿਲ੍ਹਾ ਲਾਤੀਨਾ ਦੇ ਪ੍ਰਸਿੱਧ ਗੁਰਦੁਆਰਾ ਸਿੰਘ ਸਭਾ ਅਪ੍ਰੀਲੀਆ (ਲਾਤੀਨਾ) ਵਿਖੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਸਮੂਹ ਸੰਗਤਾਂ ਦੇ ਸਹਿਯੋਗ ਨਾਲ ਵਿਸ਼ਾਲ ਨਗਰ ਕੀਰਤਨ ਸਜਾਇਆ ਜਾ ਰਿਹਾ ਹੈ। ਇਸ ਸੰਬੰਧੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ 5 ਮਈ 2023 ਦਿਨ ਸ਼ੁੱਕਰਵਾਰ ਨੂੰ ਸਵੇਰੇ 10 ਵਜੇ ਸ੍ਰੀ ਆਖੰਡ ਪਾਠ ਸਾਹਿਬ ਆਰੰਭ ਹੋਣਗੇ। ਅਤੇ 7 ਮਈ ਦਿਨ ਐਤਵਾਰ ਸਵੇਰੇ 10ਵਜੇ ਸੰਪੂਰਨਤਾ ਨਾਲ ਭੋਗ ਪਾਏ ਜਾਣਗੇ। ਉਪਰੰਤ ਠੀਕ ਸਵੇਰੇ 11ਵਜੇ ਪੰਜ ਪਿਆਰਿਆਂ ਤੇ ਨਿਸ਼ਾਨਚੀ ਸਿੰਘਾਂ ਦੀ ਰਹਿਨੁਮਾਈ ਹੇਠ ਅਤੇ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਵਿਸ਼ਾਲ ਨਗਰ ਕੀਰਤਨ ਦੀ ਆਰੰਭਤਾ ਹੋਵੇਗੀ। ਅਤੇ ਇਸ ਮੌਕੇ ਗੱਤਕੇ ਵਾਲੇ ਸਿੰਘਾਂ ਵਲੋਂ ਵੀ ਗੱਤਕੇ ਦੇ ਜੌਹਰ ਦਿਖਾਏ ਜਾਣਗੇ। ਨਗਰ ਕੀਰਤਨ ਸ਼ਹਿਰ ਦੀਆਂ ਵੱਖ ਵੱਖ ਗਲੀਆਂ ਚੋ ਪ੍ਰਕਰਮਾ ਕਰਦਿਆਂ ਹੋਇਆ ਅਪ੍ਰੀਲੀਆ ਸ਼ਹਿਰ ਦੇ ਰੇਲਵੇ ਸਟੇਸ਼ਨ ਦੇ ਨੇੜੇ ਵੱਡੀ ਪਾਰਕ ਪਹੁੰਚੇਗਾ ਅਤੇ ਪੜਾਅ ਹੋਵੇਗਾ। ਜਿਥੇ ਪੰਥ ਦੇ ਮਹਾਨ ਰਾਗੀ ਸਿੰਘਾਂ, ਕਵੀਸ਼ਰੀ ਜਥੇ ਅਤੇ ਢਾਡੀ ਸਿੰਘਾਂ ਵਲੋਂ ਗੁਰੂ ਇਤਿਹਾਸ ਤੋਂ ਜਾਣੂ ਕਰਵਾਇਆ ਜਾਵੇਗਾ। ਇਸ ਮੌਕੇ ਸੰਗਤਾਂ ਵਲੋਂ ਵੱਖ ਵੱਖ ਲੰਗਰਾਂ ਦੇ ਸਟਾਲ ਲਗਾਏ ਜਾਣਗੇ। ਗੁਰਦੁਆਰਾ ਪ੍ਰਬੰਧਕ ਕਮੇਟੀ ਵਲੋਂ ਇਲਾਕੇ ਦੇ ਗੁਰਦੁਆਰਾ ਸਾਹਿਬਾਨਾ ਦੀਆਂ ਕਮੇਟੀਆਂ ਨੂੰ ਨਿਮਰਤਾ ਸਹਿਤ ਬੇਨਤੀ ਕੀਤੀ ਜਾ ਰਹੀ ਹੈ ਇਸ ਦਿਨ ਕਿਰਪਾ ਕਰਕੇ ਹੋਰ ਵੱਡੇ ਸਮਾਗਮ ਨਾ ਉਲੀਕੇ ਜਾਣ। ਅਤੇ ਇਲਾਕੇ ਭਰ ਦੀਆਂ ਸੰਗਤਾਂ ਤੇ ਸਮੂਹ ਗੁਰਦੁਆਰਿਆਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਇਸ ਨਗਰ ਕੀਰਤਨ ਵਿੱਚ ਹਾਜ਼ਰੀਆਂ ਭਰਨ ਲਈ ਬੇਨਤੀ ਕੀਤੀ ਜਾਂਦੀ ਹੈ। ਕਿ ਵੱਧ ਤੋਂ ਵੱਧ ਸੰਗਤਾਂ ਇਸ ਨਗਰ ਕੀਰਤਨ ਵਿੱਚ ਹਾਜ਼ਰੀਆਂ ਭਰਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## 26 ਮਾਰਚ ਤੜਕੇ 2 ਵਜੇਂ ਤੋਂ ਪੂਰੇ ਯੂਰਪ ਦੀਆਂ ਘੜੀਆਂ ਦਾ ਸਮਾਂ ਹੋ ਜਾਵੇਗਾ ਇੱਕ ਘੰਟਾ ਅੱਗੇ

ਰੋਮ ਇਟਲੀ (ਗੁਰਸ਼ਰਨ ਸਿੰਘ ਸੋਨੀ)-ਸੰਨ 2001 ਤੋਂ ਸ਼ੁਰੂ ਹੋਇਆ ਯਰਪੀਅਨ ਦੇਸ਼ਾਂ ਦੇ ਸਮੇਂ ਬਦਲਣ ਦੀ ਪ੍ਰਕਿਆ ਹੁਣ ਤੱਕ ਜਾਰੀ ਹੈ ਬੇਸ਼ੱਕ ਕਿ ਯੂਰਪੀਅਨ ਸੰਸਦ ਵਿੱਚ ਸੰਨ 2018 ਵਿੱਚ ਪਾਸ ਹੋ ਗਿਆ ਕਿ ਸਮਾਂ ਬਦਲਣ ਦੀ ਪ੍ਰਕਿਆ ਸੰਨ 2021 ਵਿੱਚ ਬੰਦ ਹੋ ਜਾਵੇਗਾ ਪਰ ਸੰਨ 2020 ਵਿੱਚ ਆਈ ਕਰੋਨਾ ਨਾਲ ਕੁਦਰਤੀ ਤਬਾਹੀ ਨੇ ਦ੍ਰਿਸ਼ ਯੂਰਪੀਅਨ ਯੂਨੀਅਨ ਨੂੰ ਇਸ ਮਤੇ ਨੂੰ ਅਮਲ ਵਿੱਚ ਲਿਆਉਣ ਦਾ ਸਮਾਂ ਹੀ ਨਹੀਂ ਦਿੱਤਾ ਜਿਸ ਦੇ ਕਾਰਨ ਇਹ ਸਮਾਂ ਬਦਲਣ ਦੀ ਪ੍ਰਕਿਆ ਇਸ ਸਾਲ ਫਿਰ ਹੋਵੇਗਾ। ਯੂਰਪੀਅਨ ਦੇਸ਼ਾਂ ਵਿੱਚ ਹਰ ਸਾਲ ਗਰਮੀਆਂ ਅਤੇ ਸਰਦੀਆਂ ਦੇ ਸਮੇਂ ਵਿੱਚ ਘੜੀਆਂ ਦੇ ਵਕ ?ਤ ਵਿੱਚ ਬਦਲਾਅ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਇਸ ਸਾਲ 2023 ਦੀ 26 ਮਾਰਚ ਦੇ ਤੜਕੇ ਇਹ ਸਮਾਂ ਬਦਲ ਜਾਵੇਗਾ ਜਦੋਂ ਘੜ੍ਹੀਆਂ ਉਪੱਰ 2 ਵਜੇ ਹੋਣਗੇ ਤਾਂ ਉਸ ਨੂੰ 3 ਵਜੇ ਕਰ ਲਿਆ ਜਾਵੇਗਾ। ਭਾਵ ਸਮਾਂ ਕਦੇ ਇੱਕ ਘੰਟਾ ਪਿੱਛੇ ਚਲਾ ਜਾਦਾ ਹੈ ਅਤੇ ਕਦੇ ਇੱਕ ਘੰਟਾ ਅੱਗੇ ਆ ਜਾਦਾ ਹੈ। ਹਰ ਸਾਲ ਦੇ ਮਾਰਚ ਮਹੀਨੇ ਦੇ ਆਖ਼ਰੀ ਸ਼ਨਿੱਚਰਵਾਰ ਰਾਤ ਤੇ ਐਤਵਾਰ ਤੜਕੇ ਨੂੰ ਯੂਰਪ ਦੀਆ ਤਮਾਮ ਘੜੀਆ ਇੱਕ ਘੰਟੇ ਲਈ ਅੱਗੇ ਆ ਜਾਦੀਆ ਹਨ। ਇਹ ਟਾਇਮ ਇਸ ਤਰ੍ਹਾ ਹੀ ਅਕਤੂਬਰ ਮਹੀਨੇ ਦੇ ਆਖਰੀ ਸ਼ਨਿੱਚਰਵਾਰ ਰਾਤ ਤੇ ਐਤਵਾਰ ਤੜਕੇ ਤੱਕ ਚੱਲਦਾ ਰਹਿੰਦਾ ਹੈ। ਜਿਹੜੀਆ ਘੜੀਆ ਤਾਂ ਕੰਪਿਊਟਰ ਰਾਇਜ਼ਡ ਹਨ ਉਹ ਤਾ ਆਪਣੇ ਆਪ ਸਾਲ ਵਿੱਚ ਦੋ ਵਾਰ ਇੱਕ ਘੰਟੇ ਲਈ ਕਦੇ ਅੱਗੇ ਅਤੇ ਕਦੇ ਪਿੱਛੇ ਚਲੀਆ ਜਾਦੀਆ ਹਨ। ਪਰ ਜਿਹੜੀਆਂ ਕੰਪਿਊਟਰ ਰਾਇਜ਼ਡ ਘੜ੍ਹੀਆ ਨਹੀ ਹਨ ਉਨ੍ਹਾਂ ਨੂੰ ਸਭ ਲੋਕ ਆਪ ਅੱਗੇ ਪਿੱਛੇ ਕਰ ਲੈਂਦੇ ਹਨ।ਇਸ ਟਾਇਮ ਦੇ ਬਦਲਾਅ ਨਾਲ ਯੂਰਪ ਵਿੱਚ ਰੈਣ ਬਸੇਰਾ ਕਰਦੇ ਵਿਦੇਸ਼ੀਆ ਨੂੰ ਹਰ ਸਾਲ ਮਾਰਚ ਅਤੇ ਅਕਤੂਬਰ ਮਹੀਨੇ ਵਿੱਚ ਸਮੇ ਦਾ ਭੁਲੇਖਾ ਲੈ ਜਾਦਾ ਹੈ। ਕਦੇ ਉਹ ਕੰਮ ਉਪੱਰ ਇੱਕ ਘੰਟਾ ਪਹਿਲਾ ਚੱਲੇ ਜਾਦੇ ਹਨ ਤੇ ਕਦੇ ਇੱਕ ਘੰਟਾ ਲੇਟ ਹੋ ਜਾਦੇ ਹਨ।ਇਹ ਪ੍ਰਕਿਆ ਜਿਸ ਨੂੰ ਡੇ ਲਾਈਟ ਸੇਵਿੰਗ ਕਿਹਾ ਜਾਂਦਾ ਹੈ ਲੋਕਾਂ ਦਾ ਸਮਾਂ ਬਚਾਉਣ ਲਈ ਸੁਰੂ ਕੀਤੀ ਸੀ ਪਰ ਹੁਣ ਇਸ ਨੂੰ ਸਾਰੇ ਰੋਕਣ ਲਈ ਸਹਿਮਤ ਹਨ ਪਰ ਕਦੋਂ ਰੁਕੇਗੀ ਇਹ ਤਾਂ ਸਮੇਂ ਹੀ ਦਸੇਗਾ।









High Commissioner Mr. Sanjay Kumar Verma visited the historic Khalsa Diwan Society Gurudwara in Vancouver on 19 March and urged those present to enhance harmony, benevolence and help new arrivals from India, including students. High Commissioner also took a tour of the exhibition "The Legacy of Komagata Maru" at Khalsa Diwan Society Gurudwara and appreciated the sacrifices, struggles of the pioneers in Indian diaspora & their story 'from tragedy to triumph'.



High Commission Mr. Sanjay Kumar Verma met Hon Jagrup Brar, Minister of State for Trade, Government of British Columbia in Vancouver on 21 March 2023. Their discussions were focused on two-way bilateral trade; opportunities in India in technical cooperation; Ag-tech; Ed-Tech; resources; LNG & energy; value added timber and clean-tech.



High Commissioner Mr. Sanjay Kumar Verma met with the Hon Raj Chouhan, Speaker of British Legislative Assembly, in Victoria on 20 March 2023. Their discussions were focussed on enhancing legislative exchanges, improving trade and economic, educational linkages between British Columbia and India.



High Commissioner Mr. Sanjay Kumar Verma visited Lakshmi Narayan Mandir in Surrey, British Columbia on 19 March 2023 and urged the devotees to work together for strengthening bilateral relations between India and Canada & support and help new immigrants including students.



High Commissioner Mr. Sanjay Kumar Verma had a luncheon meeting with Indo-Canadian political leaders of British Columbia on 19 March 2023. Various issues of concern were discussed and explained by High Commissioner to the group.

# ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਵਲੋਂ ਵੈਨਕੂਵਰ ਦਾ ਦੌਰਾ

ਬੀਤੇ ਦਿਨੀ ਕੈਨੇਡਾ ਵਿਚ ਭਾਰਤੀ ਹਾਈ ਕਮਿਸ਼ਨਰ ਸੰਜੇ ਕੁਮਾਰ ਵਰਮਾ ਨੇ ਮੈਟਰੋ ਵੈਨਕੂਵਰ ਦਾ ਦੌਰਾ ਕੀਤਾ। ਇਸ ਦੌਰਾਨ ਉਹ ਖਾਲਸਾ ਦੀਵਾਨ ਸੁਸਾਇਟੀ ਰੌਸ ਸਟਰੀਟ ਵੈਨਕੂਵਰ ਵਿਖੇ ਵਿਸ਼ੇਸ਼ ਰੂਪ ਵਿਚ ਪੁੱਜੇ ਤੇ ਮੱਥਾ ਟੇਕਿਆ। ਗੁਰਦੁਆਰਾ ਪ੍ਰਬੰਧਕੀ ਕਮੇਟੀ ਨੇ ਉਹਨਾਂ ਦਾ ਸਵਾਗਤ ਕੀਤਾ ਤੇ ਪਰਵਾਸੀ ਭਾਈਚਾਰੇ ਨਾਲ ਸਬੰਧਿਤ ਕਈ ਮੁਸ਼ਕਲਾਂ ਰੱਖੀਆਂ ਜਿਹਨਾਂ ਦਾ ਉਹਨਾਂ ਨੇ ਹੱਲ ਕਰ ਦਾ ਭਰੋਸਾ ਦਿੱਤਾ। ਸਰੀ ਵਿਚ ਉਹ ਲਕਸ਼ਮੀ ਨਾਰਾਇਣ ਮੰਦਿਰ ਵਿਖੇ ਗਏ ਤੇ ਮੱਥਾ ਟੇਕਿਆ। ਸਰੀ ਵਿਚ ਉਹਨਾਂ ਦੇ ਮਾਣ ਵਿਚ ਦੁਪਹਿਰ ਦਾ ਖਾਣਾ ਵੀ ਦਿੱਤਾ ਗਿਆ। ਇਸ ਦੌਰਾਨ ਉਹਨਾਂ ਨੇ ਵਿਕਟੋਰੀਆ ਵਿਚ ਲੈਜਿਸਚੇਰ ਦਾ ਦੌਰਾ ਵੀ ਕੀਤਾ ਜਿਥੇ ਸਪੀਕਰ ਰਾਜ ਚੌਹਾਨ ਨੇ ਉਹਨਾਂ ਦਾ ਸਵਾਗਤ ਕੀਤਾ।

# ਬਿਹਾਰ ਦੇ ਮੁੱਖ ਮੰਤਰੀ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਵਾਲਾ ਗ੍ਰਿਫਤਾਰ

ਸੂਰਤ-ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇਣ ਦੇ ਦੋਸ਼ 'ਚ ਗੁਜਰਾਤ ਦੇ ਸੂਰਤ ਸ਼ਹਿਰ ਦੇ ਇਕ ਕੱਪੜਾ ਕਰਮਚਾਰੀ ਨੂੰ ਬੁੱਧਵਾਰ ਨੂੰ ਗ੍ਰਿਫਤਾਰ ਕੀਤਾ ਗਿਆ। ਸੂਰਤ ਕ੍ਰਾਈਮ ਬ੍ਰਾਂਚ ਦੇ ਇੰਸਪੈਕਟਰ ਲਲਿਤ ਵਗੜੀਆ ਨੇ ਦੱਸਿਆ ਕਿ ਬਿਹਾਰ ਦੇ ਮੂਲ ਨਿਵਾਸੀ ਅੰਕਿਤ ਮਿਸ਼ਰਾ ਨੂੰ ਸ਼ਹਿਰ ਦੇ ਲਸਕਾਨਾ ਖੇਤਰ ਤੋਂ ਗ੍ਰਿਫਤਾਰ ਕੀਤਾ ਗਿਆ ਸੀ ਅਤੇ ਅਗਲੇਰੀ ਜਾਂਚ ਲਈ ਬਿਹਾਰ ਪੁਲਸ ਨੂੰ ਸੌਂਪ ਦਿੱਤਾ ਗਿਆ ਸੀ। ਦਰਅਸਲ 20 ਮਾਰਚ ਨੂੰ ਇੱਕ ਵਿਅਕਤੀ ਨੇ ਪਟਨਾ ਵਿੱਚ ਇੱਕ ਨਿਊਜ਼ ਚੈਨਲ ਦੇ ਦਫ਼ਤਰ ਵਿੱਚ ਫੋਨ ਕਰਕੇ ਦਾਅਵਾ ਕੀਤਾ ਸੀ ਕਿ ਉਹ ਅਗਲੇ 36 ਘੰਟਿਆਂ ਵਿੱਚ ਸੀਐਮ ਨਿਤੀਸ਼ ਕੁਮਾਰ ਨੂੰ ਬੰਬ ਨਾਲ ਉਡਾ ਦੇਵੇਗਾ।ਵਗੜੀਆ ਨੇ ਦੱਸਿਆ ਕਿ ਬਿਹਾਰ ਦੀ ਰਾਜਧਾਨੀ ਪਟਨਾ ਦੇ ਸਕੱਤਰੇਤ ਪੁਲਿਸ ਸਟੇਸ਼ਨ 'ਚ ਇਸ ਸਬੰਧ 'ਚ ਰਸਮੀ ਸ਼ਿਕਾਇਤ ਦਰਜ ਕਰਵਾਈ ਗਈ ਹੈ।


cst canadian scholarship trust plan™

C.S.T. Consultants Inc.

BC Helps Parents Boost their Education Savings!



Start saving for your child's future education in a Registered Education Savings Plan (RESP) and receive up to $8,400 in government grants.1

Open a CST RESP now and you'll start receiving the Canada Education Savings grant (CESG). The CESG can add up to $7,200 to your child's RESP.

When your child turns six, they can receive an additional $1,200 from the B.C. Government.



SURJIT S. MADHOPURI
Sales Representative
C.S.T. Consultants Inc., Branch 789
Tel: 604.594.7200 / Cell: 604.377.4171
Email: surjit.madhopuri@cstresp.com
http://www.cstresp.com/6117

1 The Canada Education Savings Grant matches 20% of the first $2,500 you contribute to your child's RESP each year up to a lifetime maximum of $7,200. BC Training and Education Savings Grant (BCTESG) is a one-time $1,200 grant available to BC resident children born on or after January 1st, 2006. Children are eligible for the BCTESG on their sixth birthday. You have until the day before your child's ninth birthday to apply for the BCTESG. Conditions apply. ™ The Canadian Scholarship Trust Plan is a registered trademark of the Canadian Scholarship Trust Foundation.

**The CST Plan is only sold by Prospectus. You can get copies of the prospectus from www.cst.org or by calling 1.877.333.RESP(7377).**

MH1100(2017-04)




ਤਸਵੀਰਾਂ-ਪਰਮਜੀਤ ਲਾਖਾ

# ਗੁਰੂ ਰਵਿਦਾਸ ਸਭਾ ਬਰਨਬੀ ਦੀ ਨਵੀਂ ਇਮਾਰਤ ਦੀ ਉਸਾਰੀ ਆਰੰਭ

## ਪ੍ਰੀਮੀਅਰ ਡੇਵਿਡ ਈਬੀ ਤੇ ਹੋਰ ਸ਼ਖਸੀਅਤਾਂ ਨੇ ਰਸਮ ਅਦਾ ਕੀਤੀ












ਬਰਨਬੀ (ਦੇ. ਪ੍ਰ. ਬਿ.)–ਬੀਤੇ ਦਿਨ ਗੁਰੂ ਰਵਿਦਾਸ ਸਭਾ ਬਰਨਬੀ ਵੈਨਕੂਵਰ ਦੀ ਨਵੀਂ ਇਮਾਰਤ ਦੀ ਉਸਾਰੀ ਲਈ ਗਰਾਉਂਡ ਬਰੇਕਿੰਗ ਦੀ ਰਸਮ ਬੀ ਸੀ ਦੇ ਪ੍ਰੀਮੀਅਰ ਡੇਵਿਡ ਈਬੀ ਵਲੋਂ ਕੀਤੀ ਗਈ। ਇਸ ਮੌਕੇ ਉਹਨਾਂ ਨਾਲ ਕੈਬਨਿਟ ਮੰਤਰੀ ਹੈਰੀ ਬੈਂਸ, ਸਪੀਕਰ ਰਾਜ ਚੌਹਾਨ, ਐਮ ਪੀ ਸੁੱਖ ਧਾਲੀਵਾਲ, ਐਮ ਪੀ ਰਣਦੀਪ ਸਿੰਘ ਸਰਾਏ, ਐਮ ਐਲ ਏ ਜਿੰਨੀ ਸਿਮਸ ਤੇ ਹੋਰ ਕਈ ਜਨਤਕ ਪ੍ਰਤੀਨਿਧ ਤੇ ਸਖਸੀਅਤਾਂ ਹਾਜ਼ਰ ਸਨ। ਇਸ ਮੌਕੇ ਆਏ ਮਹਿਮਾਨਾਂ ਦਾ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਬਿਲ ਬਸਰਾ ਤੇ ਪ੍ਰਬੰਧਕ ਕਮੇਟੀ ਨੇ ਸਵਾਗਤ ਕੀਤਾ। ਮੰਚ ਸੰਚਾਲਨ ਦੀ ਜਿੰਮਵਾਰੀ ਅਰੁਣਜੋਤ ਲੰਗੇਰੀ ਨੇ ਨਿਭਾਈ।





• ਸ ਸੁਰਜੀਤ ਸਿੰਘ ਮਾਧੋਪੁਰੀ ਮੇਲੇ ਦੌਰਾਨ ਪ੍ਰਸਿਧ ਗੀਤਕਾਰ ਬਾਬੂ ਸਿੰਘ ਮਾਨ ਤੇ ਪੰਮੀ ਬਾਈ ਨਾਲ।

# ਚੰਡੀਗੜ੍ਹ ਵਿਚ ਪੰਜਾਬੀ ਮਾਂ ਬੋਲੀ ਮੇਲਾ ਧੂਮਧਾਮ ਨਾਲ ਕਰਵਾਇਆ

## ਕੈਨੇਡਾ ਤੋਂ ਸੁਰਜੀਤ ਸਿੰਘ ਮਾਧੋਪੁਰੀ ਤੇ ਹੋਰਾਂ ਦਾ ਸਨਮਾਨ







ਚੰਡੀਗੜ੍ਹ (ਪ੍ਰੋ ਅਵਤਾਰ ਸਿੰਘ)- ਬੀਤੇ ਦਿਨੀਂ ਚੰਡੀਗੜ੍ਹ ਵਿਚ ਪਹਿਲੀ ਵਾਰ ਵੱਡੇ ਪੱਧਰ 'ਤੇ ਪੰਜਾਬੀ ਮਾਂ ਬੋਲੀ ਮੇਲਾ ਧੂਮ ਧਾਮ ਨਾਲ ਕਰਵਾਇਆ ਗਿਆ। ਲੋਕ ਗਾਇਕਾ ਸੁੱਖੀ ਬਰਾੜ ਅਤੇ ਗੀਤਕਾਰ ਭੱਟੀ ਭੜੀਵਾਲਾ ਦੀ ਅਗਵਾਈ ਹੇਠ ਕਰਵਾਏ ਗਏ ਇਸ ਮੇਲੇ ਦੀ ਇਹ ਵਿਸ਼ੇਸ਼ਤਾ ਹੋ ਨਿਬੜੀ ਕਿ ਇਸ ਵਿਚ ਵੱਖ-ਵੱਖ ਖੇਤਰ ਦੀਆਂ ਪੰਜ ਸ਼ਖ਼ਸੀਅਤਾਂ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਡਾ. ਅੰਮ੍ਰਿਤ ਸਿੰਘ (ਅਮਰੀਕਾ), ਗੀਤਕਾਰ ਬਾਬੂ ਸਿੰਘ ਮਾਨ (ਮਰਾੜ੍ਹਾਂਵਾਲਾ), ਪ੍ਰਸਿੱਧ ਸੰਗੀਤਕਾਰ ਚਰਨਜੀਤ ਆਹੂਜਾ, ਸਰਬਜੀਤ ਚੀਮਾ, ਸੁਰਜੀਤ ਮਾਧੋਪੁਰੀ (ਕੈਨੇਡਾ) ਦੇ ਨਾਮ ਸ਼ਾਮਿਲ ਹਨ। ਇਸੇ ਦੌਰਾਨ ਪ੍ਰਤਿਭਾਵਾਨ ਅਦਾਕਾਰ ਮਲਕੀਤ ਰੌਣੀ, ਬਾਲ ਮੁਕੰਦ ਸ਼ਰਮਾ, ਤਰਲੋਚਨ ਸਿੰਘ, ਬਲਵਿੰਦਰ ਸਿੰਘ ਬਾਜਵਾ (ਅਮਰੀਕਾ), ਨਵੀਨ ਸ਼ਰਮਾ, ਜੱਸੀ ਸੋਹੀਆ ਵਾਲਾ ਨੂੰ ਵੀ ਮਾਣ-ਸਨਮਾਨ ਦਿੱਤਾ ਗਿਆ। ਇਸ ਮੌਕੇ 'ਤੇ ਗਾਇਕ ਜਸਬੀਰ ਜੱਸੀ, ਹਰਦੀਪ, ਪੰਮੀ ਬਾਈ, ਚੀਮਾ, ਸਤਵਿੰਦਰ ਬਿੱਟੀ, ਰਾਜ ਤਿਵਾੜੀ, ਬਾਈ ਅਮਰਜੀਤ ਵਲੋਂ ਆਪਣੇ ਮਕਬੂਲ ਗੀਤਾਂ ਨਾਲ ਸਰੋਤਿਆਂ ਦੀ ਖ਼ੂਬ ਵਾਹਵਾ ਖੱਟੀ। ਚੰਗੀ ਆਵਾਜ਼ ਦੀ ਗਾਇਕਾ ਅਤੇ ਐਂਕਰ ਆਰ. ਰਮਨਦੀਪ ਦੇ ਸੁਚੱਜੀ ਸਟੇਜੀ ਭੂਮਿਕਾ ਵਿਚ ਗਾਇਕ ਭੁਪਿੰਦਰ ਬੱਬਲ, ਮਾਣਕ ਅਲੀ, ਬਿੱਲ ਸਿੰਘ, ਗੈਰੀ ਹੋਠੀ, ਬਾਵਾ ਧਾਲੀਵਾਲ, ਸਤਪਾਲ ਭੂੰਦੜ, ਕੌਰ ਗਗਨ, ਸੁਨੈਨੀ ਗੁਲੇਰੀਆ



ਸ਼ਰਮਾ, ਅਮਨ ਰੋਜ਼ੀ ਆਦਿ ਵਲੋਂ ਵੀ ਆਪਣੀ ਗਾਇਕੀ ਨਾਲ ਵਧੀਆ ਹਾਜ਼ਰੀ ਲਵਾਈ। ਵਿਸ਼ਵ ਪੰਜਾਬੀ ਵਿਰਾਸਤ ਕੇਂਦਰ ਅਤੇ ਲੋਕ ਗੀਤ ਇੰਟਰਟੇਨਮੈਂਟ ਵਲੋਂ ਦੇਵ ਸਮਾਜ ਕਾਲਜ (ਲੜਕੀਆਂ) ਸੈਕਟਰ-45 ਦੇ ਗਰਾਊਂਡ ਵਿਚ ਕਰਵਾਏ ਗਏ ਪੰਜਾਬੀ ਮਾਂ ਬੋਲੀ ਮੇਲੇ ਵਿਚ ਪ੍ਰਸਿੱਧ ਖ਼ੂਨਦਾਨੀ ਜਸਵੰਤ ਕੌਰ ਅਤੇ ਬਲਵੰਤ ਸਿੰਘ ਦੇ ਨਾਲ-ਨਾਲ ਗਾਇਕ ਰੋਮੀ ਰੰਜਨ, ਗਗਨ ਥਿੰਦ, ਗੁਰਤੇਜ ਤੇਜ, ਗੀਤਕਾਰ ਦੀਪ ਮੰਗਲੀ (ਅਮਰੀਕਾ), ਨਰਿੰਦਰ ਨਸਰੀਨ, ਗੂੰਜਨਦੀਪ ਕੌਰ, ਇਕਬਾਲ ਗੁਨੋਮਾਜਰਾ, ਸੁਖਬੀਰ ਸੋਢੀ, ਕਾਵਿਤਰੀ ਤੇ ਗੀਤਕਾਰ ਮੀਨਾ ਮਹਿਰੋਕ ਆਦਿ ਤੋਂ ਇਲਾਵਾ ਰੰਗ ਮੰਚ (ਥੀਏਟਰ) ਦੇ ਪ੍ਰਸਿੱਧ ਲੇਖਕ ਤੇ ਨਿਰਦੇਸ਼ਕ ਸੁਦੇਸ਼ ਸ਼ਰਮਾ, ਪਰਵੀਨ ਸੰਧੂ, ਰਾਜਦੀਪ ਕੌਰ ਮੁਲਤਾਨੀ, ਸ਼ਾਇਰ ਭੱਟੀ, ਸੰਦੀਪ ਸੈਂਡੀ ਆਦਿ ਲੇਖਕਾਂ, ਕਵੀਆਂ ਅਤੇ ਸਾਹਿਤਕਾਰਾਂ ਦੇ ਨਾਲ-ਨਾਲ ਵੱਖ-ਵੱਖ ਖੇਤਰ ਦੀਆਂ ਹੋਰ ਸ਼ਖ਼ਸੀਅਤਾਂ ਨੇ ਵੀ ਸ਼ਮੂਲੀਅਤ ਕੀਤੀ। ਇਸ ਮੇਲੇ ਦੀ ਸਫਲਤਾ ਉਪਰ ਸ ਸੁਰਜੀਤ ਸਿੰਘ ਮਾਧੋਪੁਰੀ ਨੇ ਪ੍ਰਬੰਧਕਾਂ ਨੂੰ ਵਧਾਈ ਦਿੰਦਿਆਂ ਉਹਨਾਂ ਨੂੰ ਪੰਜਾਬ ਦੀਆਂ ਅਹਿਮ ਹਸਤੀਆਂ ਨਾਲ ਸਨਮਾਨਿਤ ਕੀਤੇ ਜਾਣ ਲਈ ਵਿਸ਼ੇਸ਼ ਧੰਨਵਾਦ ਕੀਤਾ। ਉਹਨਾਂ ਪੰਜਾਬੀ ਮਾਂ ਬੋਲੀ ਦੀ ਬੁਲੰਦੀ ਲਈ ਕੰਮ ਕਰਨ ਅਤੇ ਕੈਨੇਡੀਅਨ ਪੰਜਾਬੀ ਕਲਚਰਲ ਐਸੋਸੀਏਸ਼ਨ ਵਲੋਂ ਹਰ ਤਰਾਂ ਦਾ ਸਹਿਯੋਗ ਦੇਣ ਦਾ ਵਾਅਦਾ ਕੀਤਾ।






ਪੰਜਾਬ ਤੋਂ ਸੀਨੀਅਰ ਪੱਤਰਕਾਰ ਦਵਿੰਦਰ ਸਿੰਘ ਭੰਗੂ ਕੈਨੇਡਾ ਫੇਰੀ ਦੌਰਾਨ ਸਰੀ ਵਿਚ ਦੋਸਤਾਂ ਮਿੱਤਰਾਂ ਨਾਲ।







## ਸਰੀ ਵਿੱਚ ਟੇਸਟੀ ਬਾਈਟ ਕੁਜੀਨ ਦੀ ਗਰੈਂਡ ਓਪਨਿੰਗ





ਸਰੀ ਵਿਚ ਟੇਸਟੀ ਬਾਈਟ ਕੁਜੀਨ ਦੀ ਗਰੈਂਡ ਓਪਨਿੰਗ ਧੂਮ ਧਾਮ ਨਾਲ ਕੀਤੀ ਗਈ। ਇਸ ਮੌਕੇ ਪੁਜੇ ਮਹਿਮਾਨਾਂ ਦਾ ਸਵਾਗਤ ਕਰਦੇ ਹੋਏ ਪ੍ਰਸਿੱਧ ਸ਼ੈਫ ਬਲਰਾਮ ਬਾਲੀ।

ਵਧੀਆ ਕੱਪੜਿਆਂ ਦਾ ਬਾਦਸ਼ਾਹ

Overseas Fabrics

ਓਵਰਸੀਜ਼ ਫੈਬਰਿਕਸ

Abbotsford B.C

ਐਬਟਸਫੋਰਡ, ਬੀ ਸੀ



ਆਓ ਲੁੱਟ ਕੇ ਲੈ ਜਾਓ

ਜ਼ਿਮੀਦਾਰਾਂ ਦਾ ਬਹੁਤ ਹੀ ਵਧੀਆ ਅਤੇ ਬਹੁਤ ਵੱਡਾ

ਕੱਪੜਿਆਂ ਦਾ ਸਟੋਰ

ਬਹੁਤ ਭਾਰੀ ਸੇਲ

ਕੰਬਲ, ਕੋਟੀਆਂ, ਜੈਕਟਾਂ, ਖੁੱਲਾ ਕੱਪੜਾ, ਗਰਮ ਸੂਟਾਂ ਦਾ ਕੱਪੜਾ, ਸ਼ਨੀਲ, ਵੈਲਵਟ ਤੇ ਹੋਰ ਨਵੀਂ ਨਵੀਂ ਵਰਾਇਟੀ ਦਾ ਕੱਪੜਾ।

ਆਓ ਤੇ ਕਾਰਾਂ ਭਰ ਕੇ ਲੈ ਜਾਓ, ਟਰੱਕ ਵੀ ਭਰ ਸਕਦੇ ਹੋ।

Contact Us

604-864-8100

Email:overseasfabrics@gmail.com, www.overseasfabrics.com

Head Office:32853 Ventura Ave Abbotsford, BC V2S 6A3 Canada

Crazy Fabric Warehouse
Phone: 780-340-3474
Address: 9123 35 Ave NW, Edmonton, AB T6E 5Y1, Canada

Overseas Fashion & Fabrics
Phone: 204-779-9900
Address: 829 Ellice Ave, Winnipeg, MB R3G 0C3, Canada



# ਵੈਨਕੂਵਰ ਵਿਚਾਰ ਵੱਲੋਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਦੀ ਪੁਸਤਕ 'ਪਵਣੁ' ਉੱਪਰ ਵਿਚਾਰ ਚਰਚਾ

ਸਰੀ (ਹਰਦਮ ਮਾਨ)–ਵੈਨਕੂਵਰ ਵਿਚਾਰ ਮੰਚ ਵੱਲੋਂ ਪ੍ਰਸਿੱਧ ਸ਼ਾਇਰ ਮੋਹਨ ਗਿੱਲ ਦਾ ਹਾਇਕੂ ਸੰਗ੍ਰਹਿ 'ਪਵਣੁ' ਰਿਲੀਜ਼ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਜਰਨੈਲ ਆਰਟ ਗੈਲਰੀ ਅਤੇ ਗੁਰਦੀਪ ਆਰਟਸ ਅਕੈਡਮੀ ਸਰੀ ਵਿਖੇ ਕਰਵਾਏ ਗਏ ਇਸ ਸਮਾਗਮ ਦੀ ਪ੍ਰਧਾਨਗੀ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ, ਹਿੰਦ ਕੇਸਰੀ ਸੁਖਵੰਤ ਸਿੰਘ ਸਿੱਧੂ ਅਤੇ ਸ਼ਾਇਰ ਮੋਹਨ ਗਿੱਲ ਨੇ ਕੀਤੀ। ਸਮਾਗਮ ਦੇ ਆਗਾਜ਼ ਵਿਚ ਮੰਚ ਸੰਚਾਲਕ ਅੰਗਰੇਜ਼ ਸਿੰਘ ਬਰਾੜ ਨੇ ਬੀਤੇ ਦਿਨੀਂ ਸਦੀਵੀ ਵਿਛੋੜਾ ਦੇ ਗਏ ਸੰਗੀਤਕਾਰ ਅਤੇ ਗਾਇਕ ਜਗੀਰ ਸਿੰਘ ਜੌਹਲ ਨੂੰ ਯਾਦ ਕਰਦਿਆਂ ਕਿਹਾ ਕਿ ਉਨ੍ਹਾਂ ਪੰਜਾਬੀ ਮਾਂ ਬੋਲੀ ਅਤੇ ਪੰਜਾਬੀ ਸੱਭਿਆਚਾਰ ਨੂੰ ਕੈਨੇਡਾ ਦੀ ਧਰਤੀ ਤੇ ਪ੍ਰਫੁੱਲਤ ਕਰਨ ਹਿਤ ਲੱਗਭੱਗ ਪੰਜਾਹ ਵਰ੍ਹੇ ਬਹੁਤ ਵਡੇਰਾ ਕਾਰਜ ਕੀਤਾ ਅਤੇ ਉਨ੍ਹਾਂ ਦੇ ਇਸ ਯੋਗਦਾਨ ਨੂੰ ਸਿਜਦਾ ਕਰਦਿਆਂ ਅਸੀਂ ਅੱਜ ਦਾ ਸਮਾਗਮ ਉਨ੍ਹਾਂ ਨੂੰ ਸਮਰਪਿਤ ਕਰ ਰਹੇ ਹਾਂ। ਹਾਜਰ ਲੇਖਕਾਂ, ਸਾਹਿਤ ਪ੍ਰੇਮੀਆਂ ਵੱਲੋਂ ਇਕ ਮਿੰਟ ਦਾ ਮੋਨ ਧਾਰ ਕੇ ਜਗੀਰ ਸਿੰਘ ਜੌਹਲ ਨੂੰ ਸ਼ਰਧਾਂਜਲੀ ਦਿੱਤੀ ਗਈ। ਉਪਰੰਤ ਡਾ. ਹਰਜੋਤ ਕੌਰ ਖਹਿਰਾ ਨੇ 'ਪਵਣੁ' ਉੱਪਰ ਆਪਣਾ ਪਰਚਾ ਪੜ੍ਹਿਆ। ਉਨ੍ਹਾਂ ਦੱਸਿਆ ਕਿ ਹਾਇਕੂ ਜਾਪਾਨ ਦੀ ਕਾਵਿ ਵਿਧਾ ਹੈ ਅਤੇ ਪੰਜਾਬੀ ਵਿਚ ਬਹੁਤ ਘੱਟ ਲੇਖਕਾਂ ਨੇ ਇਸ ਵਿਧਾ ਵਿਚ ਰਚਨਾ ਕੀਤੀ ਹੈ। ਮੋਹਨ ਗਿੱਲ ਕੈਨੇਡਾ ਦੇ ਉਨ੍ਹਾਂ ਮੋਹਰੀ ਸ਼ਾਇਰਾਂ ਵਿਚ ਸ਼ਾਮਲ ਹੈ ਜਿਨ੍ਹਾਂ ਨੇ ਹਾਇਕੂ ਉਪਰ ਕਲਮ ਅਜ਼ਮਾਈ ਕੀਤੀ ਹੈ। ਮੋਹਨ ਗਿੱਲ ਦਾ ਇਹ ਦੂਜਾ ਹਾਇਕੂ ਸੰਗ੍ਰਹਿ ਹੈ ਅਤੇ ਇਸ ਵਿਚ ਮੋਹਨ ਗਿੱਲ ਨੇ ਹਾਇਕੂ ਦੇ ਵਿਧੀ ਵਿਧਾਨ ਦਾ ਪੂਰਾ ਪਾਲਣ ਕਰਦਿਆਂ ਆਪਣੇ ਆਲੇ ਦੁਆਲੇ, ਸਮਾਜਿਕ, ਰਾਜਨੀਤਕ, ਮਾਨਵਤਾ ਵਿਚ ਆ ਰਹੇ ਨਿਘਾਰ, ਗੁਰਬਤ, ਬੇਇਨਸਾਫੀ, ਲੋਕ ਦਿਖਾਵੇ ਅਤੇ ਹੋਰ ਬਹੁਤ ਸਾਰੀਆਂ



ਅਲਾਮਤਾਂ ਨੂੰ ਬਾਖ਼ੂਬੀ ਪੇਸ਼ ਕੀਤਾ ਹੈ। ਉਨ੍ਹਾਂ ਸੂਖਮ ਵਿਅੰਗਾਂ ਦੀ ਚਾਸ਼ਨੀ ਰਾਹੀਂ ਇਸ ਵਿਧਾ ਨੂੰ ਰੌਚਕ ਬਣਾਇਆ ਹੈ। ਡਾ. ਪਿਰਥੀਪਾਲ ਸੋਹੀ ਨੇ ਮੋਹਨ ਗਿੱਲ ਵੱਲੋਂ ਵਿਸ਼ੇਸ਼ ਕਰਕੇ ਰਾਜਨੀਤੀ, ਪੰਜਾਬ ਅਤੇ ਭਾਰਤ ਦੇ ਹਾਲਾਤ ਬਾਰੇ ਇਸ ਪੁਸਤਕ ਵਿਚ ਕੀਤੀ ਪੇਸ਼ਕਾਰੀ ਦੀ ਸ਼ਲਾਘਾ ਕੀਤੀ। ਡਾ. ਪਰਮਵੀਰ ਸਿੰਘ ਨੇ ਵੀ ਕੁਝ ਹਾਇਕੂਆਂ ਦੀ ਉਦਾਹਰਣ ਦਿੰਦਿਆਂ ਕਿਹਾ ਕਿ ਮੋਹਨ ਗਿੱਲ ਨੇ ਤਕਰੀਬਨ ਹਰ ਵਿਸ਼ੇ ਨੂੰ ਇਸ ਪੁਸਤਕ ਦੇ ਕਲਾਵੇ ਵਿਚ ਲਿਆ ਹੈ। ਹਰਚੰਦ ਸਿੰਘ ਬਾਗੜੀ ਨੇ ਕਿਹਾ ਕਿ ਮੋਹਨ ਗਿੱਲ ਨੇ ਇਸ ਕਲਾ ਰਾਹੀਂ ਕੁੱਜੇ ਵਿਚ ਸਮੁੰਦਰ ਬੰਦ ਕਰਕੇ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਹਰਦਮ ਸਿੰਘ ਮਾਨ ਨੇ ਕਿਹਾ ਕਿ ਮੋਹਨ ਗਿੱਲ ਇਕ ਸਰਗਰਮ ਲੇਖਕ ਹੈ ਅਤੇ ਵਿਸ਼ੇਸ਼ ਕਰਕੇ ਸਮੇਂ ਦੇ ਹਾਲਾਤ ਨੂੰ ਆਪਣੀ ਕਾਵਿ ਕਲਾ ਰਾਹੀਂ ਪੇਸ਼ ਕਰਨ ਦੀ ਮੁਹਾਰਤ ਰੱਖਦਾ ਹੈ। ਮਹਿੰਦਰਪਾਲ ਸਿੰਘ ਪਾਲ, ਪਰਮਜੀਤ ਸਿੰਘ ਸੇਖੋਂ, ਬਿੰਦੂ ਮਠਾੜੂ, ਸਰਬਜੀਤ ਕੌਰ ਰੰਧਾਵਾ, ਹਿੰਦ ਕੇਸਰੀ ਸੁਖਵੰਤ ਸਿੰਘ ਸਿੱਧੂ ਅਤੇ ਨਵਜੋਤ ਢਿੱਲੋਂ ਨੇ ਵੀ ਮੋਹਨ ਗਿੱਲ ਨੂੰ ਇਸ ਪੁਸਤਕ ਲਈ ਆਪਣੀ ਮੁਬਾਰਕਬਾਦ ਪੇਸ਼ ਕੀਤੀ। ਮੋਹਨ ਗਿੱਲ ਨੇ ਆਪਣੇ ਵੱਲੋਂ ਸਭਨਾਂ ਨੂੰ ਜੀ ਆਇਆਂ ਕਿਹਾ ਹੈ ਅਤੇ ਆਪਣੇ ਹਾਇਕੂ ਲਿਖਣ ਦੇ ਰੁਝਾਨ ਅਤੇ ਸਫਰ ਬਾਰੇ ਸੰਖੇਪ ਵਿਚ ਵਿਚਾਰ ਸਾਂਝੇ ਕੀਤੇ। ਉਨ੍ਹਾਂ ਕਿਹਾ ਕਿ ਕੁਝ ਸੁਭਾਵਿਕ ਲਿਖੇ ਗਏ ਹਾਇਕੂਆਂ ਨੂੰ ਵਿਦਵਾਨਾਂ ਦੀ ਦ੍ਰਿਸ਼ਟੀ ਨੇ ਬੜੀ ਗੰਭੀਰਤਾ ਪ੍ਰਦਾਨ ਕੀਤੀ ਹੈ ਜੋ ਉਸ ਲਈ ਬੇਹੱਦ ਖ਼ੁਸ਼ੀ ਦਾ ਸਬੱਬ ਹੈ। ਅੰਤ ਵਿਚ ਮੰਚ ਦੇ ਪ੍ਰਧਾਨ ਜਰਨੈਲ ਸਿੰਘ ਆਰਟਿਸਟ ਨੇ ਸਮਾਗਮ ਵਿਚ ਹਾਜਰ ਹੋਏ ਸਭਨਾਂ ਵਿਦਵਾਨਾਂ, ਮਹਿਮਾਨਾਂ ਅਤੇ ਸਾਹਿਤ ਪ੍ਰੇਮੀਆਂ ਦਾ ਧੰਨਵਾਦ ਕੀਤਾ। ਇਸ ਸਮਾਗਮ ਵਿਚ ਹੋਰਨਾਂ ਤੋਂ ਇਲਾਵਾ ਡਾ. ਸਾਧੂ ਬਿੰਨਿੰਗ, ਭੁਪਿੰਦਰ ਮੱਲ੍ਹੀ, ਰਾਜਵੰਤ ਰਾਜ, ਦਵਿੰਦਰ ਗੌਤਮ, ਗੁਰਦਰਸ਼ਨ ਬਾਦਲ, ਗੁਰਸ਼ਰਨ ਕੌਰ, ਦਵਿੰਦਰ ਕੌਰ ਜੌਹਲ, ਨਵਰੂਪ ਸਿੰਘ, ਡਾ. ਸੁਖਵਿੰਦਰ ਵਿਰਕ, ਨਵਰੀਤ ਸੇਖਾ, ਸਰਵਣ ਸਿੰਘ ਰੰਧਾਵਾ, ਮਨਜੀਤ ਕੌਰ ਗਿੱਲ, ਜਸਬੀਰ ਮਾਨ, ਕਵਿੰਦਰ ਚਾਂਦ, ਇੰਦਰਜੀਤ ਧਾਮੀ, ਪਰਮਿੰਦਰ ਸਵੈਚ ਅਤੇ ਡਾ. ਜਸ ਮਲਕੀਤ ਸ਼ਾਮਲ ਹੋਏ।














# ਸਰੀ ਵਿਚ ਹਰਕੀਰਤ ਕੌਰ ਚਾਹਲ ਦੇ ਨਾਵਲ 'ਚੰਨਣ ਰੁੱਖ' ਦਾ ਰਿਲੀਜ਼ ਸਮਾਰੋਹ

## 'ਚੰਨਣ ਰੁੱਖ' ਪੰਜਾਬੀ ਦਾ ਇਨਸਾਈਕਲੋਪੀਡੀਆ ਹੈ-ਇੰਦਰਜੀਤ ਕੌਰ ਸਿੱਧੂ

ਸਰੀ (ਹਰਦਮ ਮਾਨ)-ਬਹੁਤ ਹੀ ਥੋੜ੍ਹੇ ਅਰਸੇ ਵਿਚ ਪੰਜਾਬੀ ਨਾਵਲ ਖੇਤਰ ਵਿਚ ਲੰਮੀਆਂ ਪੁਲਾਘਾਂ ਪੁੱਟਣ ਵਾਲੀ ਕੈਨੇਡੀਅਨ ਲੇਖਿਕਾ ਹਰਕੀਰਤ ਕੌਰ ਚਾਹਲ ਦਾ ਨਵਾਂ ਨਾਵਲ 'ਚੰਨਣ ਰੁੱਖ' ਰਿਲੀਜ਼ ਕਰਨ ਅਤੇ ਇਸ ਉੱਪਰ ਵਿਚਾਰ ਚਰਚਾ ਕਰਨ ਲਈ ਇੰਪਾਇਰ ਬੈਂਕੁਇਟ ਹਾਲ ਸਰੀ ਵਿਚ ਵਿਸ਼ੇਸ਼ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਦੀ ਪ੍ਰਧਾਨਗੀ ਨਾਮਵਰ ਸਾਹਿਤਕਾਰ ਡਾ. ਸਾਧੂ ਸਿੰਘ, ਡਾ. ਸਾਧੂ ਬਿਨਿੰਗ, ਕਵਿੰਦਰ ਚਾਂਦ, ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ, ਹਰਕੀਰਤ ਕੌਰ ਚਾਹਲ, ਪਰਮਜੀਤ ਦਿਓਲ (ਟੋਰਾਂਟੋ) ਅਤੇ ਕਹਾਣੀਕਾਰਾ ਪਰਵੇਜ਼ ਸੰਧੂ ਨੇ ਕੀਤੀ। ਮੰਚ ਦਾ ਸੰਚਾਲਨ ਸੰਭਾਲਦਿਆਂ ਡਾ. ਰਮਿੰਦਰ ਕੰਗ ਨੇ ਹਰਕੀਰਤ ਚਾਹਲ ਦੇ ਸਾਹਿਤਕ ਸਫਰ ਬਾਰੇ ਸੰਖੇਪ ਵਿਚ ਜਾਣਕਾਰੀ ਸਾਂਝੀ ਕੀਤੀ। ਉਨ੍ਹਾਂ ਦੱਸਿਆ ਕਿ ਹਰਕੀਰਤ ਕੌਰ ਚਾਹਲ ਨੇ ਕਵਿਤਾ ਰਾਹੀਂ ਸਾਹਿਤ ਵਿਚ ਪ੍ਰਵੇਸ਼ ਕੀਤਾ, ਫਿਰ ਕਹਾਣੀਆਂ ਦੀ ਇਕ ਕਿਤਾਬ ਪ੍ਰਕਾਸ਼ਿਤ ਹੋਈ। ਕਹਾਣੀ ਤੋਂ ਬਾਅਦ ਨਾਵਲ ਖੇਤਰ ਵਿਚ ਪੈਰ ਧਰਿਆ ਅਤੇ ਹੁਣ ਤੱਕ ਉਸ ਦੇ ਚਾਰ ਨਾਵਲ 'ਤੇਰੇ ਬਾਝੋਂ', 'ਥੋਹਰਾਂ ਦੇ ਫੁੱਲ', 'ਆਦਮ ਗ੍ਰਹਿਣ' ਅਤੇ 'ਚੰਨਣ ਰੁੱਖ' ਪ੍ਰਕਾਸ਼ਿਤ ਹੋ ਚੁੱਕੇ ਹਨ। ਨਾਵਲ 'ਆਦਮ ਗ੍ਰਹਿਣ' ਲਈ ਉਸ ਨੂੰ ਢਾਹਾਂ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾ ਚੁੱਕਾ ਹੈ। ਨਾਵਲ ਉੱਪਰ ਪਹਿਲਾ ਪਰਚਾ ਹਰਚੰਦ ਸਿੰਘ ਬਾਗੜੀ ਵੱਲੋਂ ਪੜ੍ਹਿਆ ਗਿਆ ਜਿਸ ਰਾਹੀਂ ਉਨ੍ਹਾਂ ਨਾਵਲ ਦੇ ਬਿਰਤਾਂਤ ਨੂੰ ਸੰਖੇਪ ਵਿਚ ਪੇਸ਼ ਕੀਤਾ। ਦੂਜਾ ਪਰਚਾ ਪ੍ਰਸਿੱਧ ਲੇਖਿਕਾ ਇੰਦਰਜੀਤ ਕੌਰ ਸਿੱਧੂ ਵੱਲੋਂ ਪੜ੍ਹਿਆ ਗਿਆ। ਉਨ੍ਹਾਂ ਇਸ ਨਾਵਲ ਨੂੰ ਪੰਜਾਬੀ ਦਾ ਇਨਸਾਈਕਲੋਪੀਡੀਆ ਦੱਸਦਿਆਂ ਕਿਹਾ ਕਿ ਹਰਕੀਰਤ ਚਾਹਲ ਨੇ ਇਸ ਨਾਵਲ ਰਾਹੀਂ ਮਾਲਵੇ ਦੀ ਮਹਿਕ ਨਾਲ ਪੰਜਾਬੀ ਸਾਹਿਤ ਨੂੰ ਸਰਸ਼ਾਰ ਕਰ ਦਿੱਤਾ ਹੈ। ਡਾ. ਗੁਰਬਾਜ ਸਿੰਘ ਬਰਾੜ ਨੇ ਨਾਵਲ ਬਾਰੇ ਵਿਚਾਰ ਕਰਦਿਆਂ ਕਿਹਾ ਕਿ ਇਸ ਵਿਚ ਭਾਸ਼ਾਈ ਸੋਝ ਦਾ ਖ਼ੂਬਸੂਰਤ ਬਿਰਤਾਂਤ ਹੈ ਅਤੇ ਇਸ ਦੇ ਮੁੱਖ ਪਾਤਰ ਮਾਨਵਤਾ ਨੂੰ ਪ੍ਰਣਾਏ ਹੋਏ ਹਨ। ਪ੍ਰਿੰਸੀਪਲ ਸੁਰਿੰਦਰਪਾਲ ਕੌਰ ਬਰਾੜ ਨੇ ਕਿਹਾ ਕਿ 'ਚੰਨਣ ਰੁੱਖ' ਨਾਵਲ ਦੀ ਸਾਰਥਿਕਤਾ ਇਹ ਹੈ ਕਿ ਇਸ ਰਾਹੀਂ ਇਨਸਾਨੀ ਤਹਿਆਂ ਵਿਚ ਛੁਪਿਆ ਸੱਚ ਹਰਕੀਰਤ ਨੇ ਪਾਠਕਾਂ ਦੇ ਸਨਮੁੱਖ ਲਿਆਂਦਾ ਹੈ। ਸਥਾਨਿਕ ਰਹਿਤਲ ਦੀ ਖ਼ੂਬਸੂਰਤ ਪੇਸ਼ਕਾਰੀ ਦੇ ਨਾਲ ਨਾਲ ਇਹ ਨਾਵਲ ਅੱਜ ਦੇ ਜਗਤ ਪਾਸਾਰੇ ਦੇ ਕੁਝ ਸਵਾਲ ਵੀ ਸਮਾਜ ਅੱਗੇ ਖੜ੍ਹੇ ਕਰਦਾ ਹੈ। ਨਾਵਲ ਉੱਪਰ ਮੈਂਬਰ ਪਾਰਲੀਮੈਂਟ ਸੁਖ ਧਾਲੀਵਾਲ, ਡਾ. ਸਾਧੂ ਸਿੰਘ, ਡਾ. ਸਾਧੂ ਬਿਨਿੰਗ, ਸੁਰਿੰਦਰ ਚਾਹਲ, ਕਵਿੰਦਰ ਚਾਂਦ, ਪਰਮਜੀਤ ਦਿਓਲ, ਨਵਜੋਤ ਢਿੱਲੋਂ, ਡਾ. ਜਸਬੀਰ ਰੋਮਾਣਾ, ਡਾ. ਪਰਗਟ ਸਿੰਘ ਭੁਰਜੀ, ਪਰਵੇਜ਼ ਸੰਧੂ ਨੇ ਵੀ ਆਪਣੇ ਵਿਚਾਰ ਪੇਸ਼ ਕੀਤੇ ਅਤੇ ਹਰਕੀਰਤ ਕੌਰ ਚਾਹਲ ਨੂੰ ਮੁਬਾਰਬਾਦ ਦਿੱਤੀ। ਅੰਤ ਵਿਚ ਸਮਾਗਮ ਵਿਚ ਹਾਜਰ ਵਿਦਵਾਨਾਂ, ਸਾਹਿਤਕਾਰਾਂ ਅਤੇ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਨਾਵਲ ਦੀ ਲੇਖਿਕਾ ਹਰਕੀਰਤ ਕੌਰ ਚਾਹਲ ਨੇ ਦੱਸਿਆ ਕਿ ਇਸ ਨਾਵਲ ਰਾਹੀਂ ਉਨ੍ਹਾਂ ਕੈਨੇਡੀਅਨ ਜ਼ਿੰਦਗੀ ਵਿਚ ਦਰਪੇਸ਼ ਔਕੜਾਂ, ਸਮਾਜਿਕ ਵਰਤਾਰੇ, ਦੁਬਿਧਾ, ਦਵੰਦ, ਸੰਸੇ-ਝੋਰੇ ਅਤੇ ਜ਼ਿੰਦਗੀ ਚੰਗੇ-ਮਾੜੇ ਪੱਖਾਂ ਨੂੰ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਸਮਾਗਮ ਵਿਚ ਡਾ. ਕੁਲਦੀਪ ਸਿੰਘ ਚਾਹਲ, ਡਾ. ਪਿਰਥੀਪਾਲ ਸਿੰਘ ਸੋਹੀ, ਪ੍ਰੋ. ਹਰਿੰਦਰ ਕੌਰ ਸੋਹੀ, ਜਰਨੈਲ ਸਿੰਘ ਆਰਟਿਸਟ, ਡਾ. ਗੁਰਮਿੰਦਰ ਸਿੱਧੂ, ਡਾ. ਬਲਦੇਵ ਖਹਿਰਾ, ਨਿੰਮੀ ਡੌਲਾ, ਸਰਬਜੀਤ ਰੋਮਾਣਾ, ਸੁਖਬੀਰ ਕੌਰ, ਬਿੰਦੂ ਮਠਾੜੂ, ਕ੍ਰਿਸ਼ਨ ਭਨੋਟ, ਰਾਜਵੰਤ ਰਾਜ, ਦਵਿੰਦਰ ਗੌਤਮ, ਹਰਦਮ ਸਿੰਘ ਮਾਨ, ਸੁਖਵਿੰਦਰ ਚੋਹਲਾ, ਪਰਮਿੰਦਰ ਸਵੈਚ, ਅਮਰੀਕ ਪਲਾਹੀ, ਡਾ. ਸੁਖਵਿੰਦਰ ਵਿਰਕ, ਨਵਰੂਪ ਸਿੰਘ, ਨਿਰਮਲ ਗਿੱਲ, ਮੋਹਨ ਬਚੜਾ, ਦਵਿੰਦਰ ਕੌਰ ਬਚੜਾ ਅਤੇ ਸ਼ਹਿਰ ਦੀਆਂ ਕਈ ਹੋਰ ਅਹਿਮ ਸ਼ਖ਼ਸੀਅਤਾਂ ਨੇ ਸ਼ਮੂਲੀਅਤ ਕੀਤੀ। ਸਮੁੱਚੇ ਪ੍ਰੋਗਰਾਮ ਦੌਰਾਨ ਡਾ. ਰਮਿੰਦਰ ਕੰਗ ਦੀ ਖ਼ੂਬਸੂਰਤ ਪੇਸ਼ਕਾਰੀ ਨੇ ਸਰੋਤਿਆਂ ਨੂੰ ਬੇਹੱਦ ਟੁੰਬਿਆ।












ਜਦੋਂ ਲੈਣੇ ਹੋਣ ਤਾਜ਼ੇ ਸਬਜ਼ੀਆਂ ਤੇ ਫਲ ਤਾਂ ਚਲੇ ਆਉਣਾ 'ਸਨ ਫਾਰਮ' ਵੱਲ !
SUN FARM
PRODUCE & GROCERY STORE
ਗੁ: ਦੂਖ ਨਿਵਾਰਨ ਵਾਲਾ ਪਲਾਜ਼ਾ
ਸੋਹਣੀ ਤੇ ਨਵੀਂ ਦਿਖ ਨਾਲ ਸਜੇ ਸਟੋਰ ਤੇ ਆਓ, ਤਾਜ਼ਾ ਫਲ ਤੇ ਸਬਜ਼ੀਆਂ ਦੇ ਅਮੁੱਕ ਭੰਡਾਰ ਪਾਓ....
ਸਕੂਨ ਨਾਲ ਕਰੋ ਖਰੀਦਦਾਰੀ ...ਖੁਦ ਵੀ ਤਰੋ ਤਾਜ਼ਾ ਹੋ ਜਾਓ... -ਮਨਜੀਤ ਸਿੰਘ
$65 +TAX
Chakki/ਚੱਕੀ
ਗਰਮ ਪੈਟੀਜ਼
ਅਸ਼ੀਰਵਾਦ ਆਟਾ
ਮੈਗੀ ਸੌਸਜ
ਨੂਡਲਜ਼
ਸ਼ੇਰ ਐਵਰੀਡੇ ਬਾਸਮਤੀ ਚਾਵਲ
ਫੁੱਲ ਗੋਭੀ
Ph: 604-503-3379
Location: 152 St & 68 Ave Surrey B.C
Above prices are valid till stock last Curb side delivery available Wear mask, keep social distance be safe









# ਇਨਾਮਾਂ ਦੇ ਅਖਾੜੇ 'ਚ ਭਾਰਤ ਨੇ, ਪੰਜਾਬ ਨੇ, ਔਰਤਾਂ ਨੇ ਭਰਵੀਆਂ ਮੱਲਾਂ ਮਾਰੀਆਂ




ਐਤਕੀਂ ਯਾਨੀ 95ਵੇਂ ਆਸਕਰ ਇਨਾਮ ਵੰਡ ਸਮਾਗਮ ਵਿਚ ਭਾਰਤੀਆਂ ਨੇ ਮੱਲਾਂ ਹੀ ਨਹੀਂ ਮਾਰੀਆਂ, ਇਹ ਮੱਲਾਂ ਮਾਰਦਿਆਂ, ਕਈ 'ਜੱਗੋਂ ਤੇਰ੍ਹਵੀਆਂ' ਵੀ ਕੀਤੀਆਂ ਹਨ। ਇਹ ਗੱਲ ਤਾਂ ਹੁਣ ਜੱਗ ਜ਼ਾਹਰ ਹੋ ਗਈ ਹੈ ਕਿ ਭਾਰਤੀ ਫ਼ਿਲਮ ਸਨਅਤ ਦੇ ਮੂੰਹ (ਰੂਹ) ਨੂੰ ਹੁਣ ਆਸਕਰ ਇਨਾਮਾਂ ਦਾ ਸੁਆਦ ਲੱਗ ਗਿਆ ਹੈ, ਜਿਸ ਦੇ ਨਤੀਜੇ ਵਜੋਂ ਇਹ ਸੰਭਵ ਹੈ ਕਿ ਹੁਣ ਤਕ ਮਨੋਰੰਜਨ ਕਰਨ ਦੇ ਉਦੇਸ਼ ਨਾਲ਼ ਹੀ ਫ਼ਿਲਮਾਂ ਬਣਾਉਣ ਦੇ ਦਾਅਵੇ ਕਰਦੀ ਰਹੀ ਇਹ ਇੰਡਸਟਰੀ ਵਿਚੋਂ ਕੋਈ ਮਾਂ ਦਾ ਲਾਲ ਇਹ ਕਹਿ ਦੇਵੇ ਕਿ ਉਹ, ਅਗਲਾ ਆਸਕਰ ਇਨਾਮ ਜਿੱਤਣ ਦੇ ਉਦੇਸ਼ ਨਾਲ਼ ਫ਼ਿਲਮ ਬਣਾ ਰਿਹਾ ਹੈ। ਜੇ, ਬਹੁਤ ਹੀ ਸੀਮਤ ਸਾਧਨਾਂ ਨਾਲ਼ ਬਣਾਈ ਗਈ, ਬਹੁਤ ਹੀ ਸੰਖੇਪ ਜਿਹੀ ਦਸਤਾਵੇਜ਼ੀ ਫ਼ਿਲਮ 'ਦ ਐਲੀਫੈਂਟ ਵਿਸਪਰਰਜ਼' ਆਸਕਰ ਇਨਾਮ ਜਿੱਤ ਕੇ ਲਿਆ ਸਕਦੀ ਹੈ ਤਾਂ ਸੋਚ-ਸਮਝ ਕੇ ਆਸਕਰ ਇਨਾਮ ਜਿੱਤਣ ਦੇ ਉਦੇਸ਼ ਨਾਲ਼ ਫ਼ਿਲਮ ਬਣਾਉਣ ਲਈ ਇਸ ਸਨਅਤ ਵਿਚ ਹੁਨਰ ਦੀ ਘਾਟ ਹੋ ਸਕਦੀ ਹੈ ਨਾ ਸਾਧਨਾਂ ਦੀ। ਲੋੜ ਹੈ ਤਾਂ ਇਸ ਸਨਅਤ ਨੂੰ, ਇਸ ਸਬੰਧ ਵਿਚ ਲੱਕ ਬੰਨ੍ਹਣ ਦੀ ਹੀ ਹੈ। ਭਾਰਤੀ ਫ਼ਿਲਮ ਸਨਅਤ ਦੇ ਇਕ ਖੇਤਰ ਵੱਲੋਂ ਬਣਾਈ ਗਈ ਫ਼ਿਲਮ 'ਆਰ ਆਰ ਆਰ' ਨੇ ਤਕਨੀਕੀ ਪੱਖ ਤੋਂ ਸਾਰੇ ਜਹਾਨ ਦਾ ਧਿਆਨ ਤਾਂ ਖਿੱਚਿਆ ਹੀ ਸੀ, ਉਸ ਦਾ ਇਕ ਗੀਤ 'ਨਾਟੋ-ਨਾਟੋ' ਯਾਨੀ 'ਨਾਚੋ-ਨਾਚੋ' ਵੀ ਇਸ ਵਾਰ ਆਸਕਰ ਇਨਾਮ ਢੁੰਡ ਲਿਆਇਆ। ਇਸ ਗੀਤ ਨੂੰ ਇਹ ਇਨਾਮ ਦੁਆਉਣ ਵਿਚ ਗੀਤ ਦੇ ਬੋਲਾਂ ਦੀ ਮੌਲਿਕਤਾ ਦੇ ਨਾਲ਼-ਨਾਲ਼ ਨਾਚ ਨਿਰਦੇਸ਼ਨ, ਜਾਨਦਾਰ ਅਦਾਕਾਰੀ ਅਤੇ ਵਧੀਆ ਸੰਗੀਤ ਨਿਰਦੇਸ਼ਨ ਦਾ ਵੀ ਹੱਥ ਹੈ। ਇਸ ਇਕ ਇਨਾਮ ਨਾਲ਼ ਇਸ ਗੀਤ ਵਿਚ ਯੋਗਦਾਨ ਪਾਉਣ ਵਾਲ਼ੇ ਕਿੰਨੇ ਵਿਅਕਤੀ ਤੇ ਵਿਭਾਗ ਨਵਾਜ਼ੇ ਗਏ ਹਨ। ਇਨ੍ਹਾਂ ਵਿਚ ਗੀਤਕਾਰ, ਗਾਇਕ, ਸੰਗੀਤ ਨਿਰਦੇਸ਼ਕ, ਨਾਚ ਨਿਰਦੇਸ਼ਕ ਅਤੇ ਅਦਾਕਾਰ ਵੀ ਸ਼ਾਮਲ ਹਨ, ਜਿਨ੍ਹਾਂ ਦੇ ਸਾਂਝੇ ਹੀਲਿਆਂ ਨੇ ਸਾਰੇ ਜਹਾਨ ਵਿਚ ਭਾਰਤ ਦਾ ਨਾਮ ਚਮਕਾਇਆ ਹੈ। ਇਸ ਸਭ ਕੁੱਝ ਤੋਂ ਇਹੋ ਇਸ਼ਾਰੇ ਮਿਲਦੇ ਹਨ ਕਿ ਇਕ ਛੋਟੀ ਜਿਹੀ ਦਸਤਾਵੇਜ਼ੀ ਤੇ ਇਕ ਗੀਤ ਨਾਲ਼ ਹੀ ਦੋ ਆਸਕਰ ਜਿੱਤਣ ਵਾਲ਼ੀ ਭਾਰਤੀ ਫ਼ਿਲਮ ਸਨਅਤ ਅਗਲੇ ਸਮਿਆਂ ਵਿਚ ਕਿਸੇ ਮੁਕੰਮਲ ਫ਼ਿਲਮ ਨਾਲ਼ ਵੀ ਆਸਕਰ ਇਨਾਮ ਜਿੱਤ ਸਕਦੀ ਹੈ। 1929 ਵਿਚ ਦੇਣੇ ਸ਼ੁਰੂ ਕੀਤੇ ਹੋਏ ਆਸਕਰ ਇਨਾਮ, ਜਿਨ੍ਹਾਂ ਨੂੰ ਅਕੈਡਮੀ ਐਵਾਰਡਜ਼ ਵੀ ਕਿਹਾ ਜਾਂਦੈ, ਸਿਨੇਮਾ ਦੇ ਬਹੁਤ ਵਕਾਰੀ ਇਨਾਮ ਹਨ। ਇਹ ਇਨਾਮ ਵਧੀਆ ਫ਼ਿਲਮ, ਵਧੀਆ ਨਿਰਦੇਸ਼ਕ, ਵਧੀਆ ਅਦਾਕਾਰ ਜਾਂ ਅਦਾਕਾਰਾ, ਵਧੀਆ ਅਸਲ ਸਕਰੀਨ ਪਲੇ ਅਤੇ ਕਈ ਹੋਰ ਸ਼੍ਰੇਣੀਆਂ ਵਿਚ ਵੀ ਦਿੱਤੇ ਜਾਂਦੇ ਹਨ।ਭਾਵੇਂ ਆਸਕਰ ਇਨਾਮ ਜੇਤੂ ਦਸਤਾਵੇਜ਼ੀ ਫ਼ਿਲਮ 'ਦ ਐਲੀਫੈਂਟ ਵਿਸਪਰਰਜ਼' ਦੀ ਨਿਰਮਾਤਾ ਗੁਨੀਤ ਮੌਂਗਾ, ਦਿੱਲੀ 'ਚ ਰਹਿੰਦੀ ਹੈ, ਪਰ ਉਸ ਦਾ ਪਿਛੋਕੜ ਪੰਜਾਬ ਨਾਲ਼ ਜੁੜਦਾ ਹੈ ਤੇ ਉਹ ਪੰਜਾਬਣ ਹੈ। ਉਸ ਨੇ ਗੁਰੂ ਗੋਬਿੰਦ ਸਿੰਘ ਇੰਦਰਪ੍ਰਸਥ ਯੂਨੀਵਰਸਿਟੀ ਤੋਂ ਇਲੈਕਟਰਾਨਿਕ ਪੱਤਰਕਾਰੀ ਵਿਚ ਗਰੈਜੂਏਸ਼ਨ ਕੀਤੀ ਹੋਈ ਹੈ। ਉਹ, ਏਕਤਾ ਕਪੂਰ ਤੇ ਅਨੁਰਾਗ ਕਸ਼ਯਪ ਦੇ ਪੋਡੱਕਸ਼ਨ ਹਾਊਸਿਜ਼ ਵਿਚ ਕੰਮ ਕਰ ਚੁੱਕੀ ਹੈ। ਉਹ, 2008 ਤੋਂ 'ਸਿੱਖਿਆ ਐਂਟਰਟੇਨਮੈਂਟ' ਨਾਂ ਦਾ ਅਦਾਰਾ ਚਲਾ ਰਹੀ ਹੈ। ਉਹ, 2006 ਵਿਚ ਮੁੰਬਈ ਚਲੀ ਗਈ ਸੀ। ਬਹੁਤ ਸਾਰੇ ਪ੍ਰਜੈਕਟਾਂ ਵਿਚ ਕੰਮ ਕਰਨ ਦੇ ਨਾਲ਼-ਨਾਲ਼, ਉਸ ਨੇ 2012 ਵਿਚ ਬਣੀ ਫ਼ਿਲਮ 'ਲਵ-ਰਿੰਕਲ ਫ੍ਰੀ' ਵਿਚ ਅਦਾਕਾਰੀ ਕਰਦਿਆਂ 'ਫਲੋਰੈਂਸ ਮੋਗਾ' ਦਾ ਕਿਰਦਾਰ ਵੀ ਨਿਭਾਇਆ ਸੀ। ਇਸ ਫ਼ਿਲਮ ਦੀ ਨਿਰਦੇਸ਼ਕਾ ਕਾਰਤਿਕੀ ਗੌਂਨਸਾਲਵੇਜ਼, ਦਸਤਾਵੇਜ਼ੀ ਫ਼ਿਲਮਸਾਜ਼ ਹੋਣ ਦੇ ਨਾਲ਼-ਨਾਲ਼ ਇਕ ਫੋਟੋਗ੍ਰਾਫ਼ਰ ਵੀ ਹੈ, ਜੋ 'ਐਨੀਮਲ ਪਲੈਨੈੱਟ' ਅਤੇ 'ਡਿਸਕਵਰੀ ਚੈਨਲ' ਵਿਚ ਕੰਮ ਕਰ ਚੁੱਕੀ ਹੈ। ਉਸ ਨੇ ਇਹ ਫ਼ਿਲਮ, ਉਸ ਥਾਂ ਫ਼ਿਲਮਾਈ ਹੈ, ਜਿੱਥੇ ਉਹ ਪਲ਼ੀ ਤੇ ਵੱਡੀ ਹੋਈ ਸੀ। ਇਹ ਗੱਲ ਇਕ ਵਾਰ ਫਿਰ ਭਾਰਤ ਦੀ ਇਸਤਰੀ-ਸ਼ਕਤੀ ਦੀ ਤਸਦੀਕ ਕਰਦੀ ਹੈ। ਇਹ ਫ਼ਿਲਮ, ਹਾਥੀ ਦੇ ਇਕ ਲਾਵਾਰਸ ਤੇ ਜ਼ਖ਼ਮੀ ਬੱਚੇ 'ਰਘੂ' ਦੇ, ਉਸ ਦੇ ਪਾਲਣਹਾਰ ਕਬਾਇਲੀ ਜੀਆਂ 'ਬੋਮਨ' ਤੇ ਉਸ ਦੀ ਪਤਨੀ 'ਬੇਲੀ' ਨਾਲ਼ ਮੋਹ ਦੀ ਦਾਸਤਾਨ ਬਿਆਨ ਕਰਦੀ ਏ।ਜਦੋਂ ਪਲ਼ੇ ਹੋਏ 'ਰਘੂ' ਨੂੰ ਜੰਗਲਾਤ ਮੁਲਾਜ਼ਮ ਲੈ ਜਾਂਦੇ ਹਨ ਤਾਂ ਬੋਮਨ ਤੇ ਬੇਲੀ ਨੂੰ ਇਸ ਤਰ੍ਹਾਂ ਲੱਗਦਾ ਏ, ਜਿਵੇਂ ਉਹ ਸੰਤਾਨਹੀਣ ਕਰ ਦਿੱਤੇ ਗਏ ਨੇ। ਇਸ ਫ਼ਿਲਮ ਬਾਰੇ ਇਕ ਹੋਰ ਖ਼ਾਸ ਗੱਲ ਇਹ ਹੈ ਕਿ ਇਸ ਨੇ ਇਹ ਆਸਕਰ ਇਨਾਮ, ਕਿਸੇ ਫ਼ਿਲਮ ਸਟਾਰ ਦੇ ਯੋਗਦਾਨ ਤੋਂ ਬਗ਼ੈਰ ਜਿੱਤਿਆ ਹੈ। ਇਸ ਦੌਰਾਨ ਹੀ, ਹੈਦਰਾਬਾਦ ਵਿਚ ਇਕ ਫ਼ਿਲਮ ਦੀ ਸ਼ੂਟਿੰਗ ਕਰਦਿਆਂ ਜ਼ਖ਼ਮੀ ਹੋ ਚੁੱਕੇ ਤੇ ਇਲਾਜ ਕਰਾ ਰਹੇ ਅਮਿਤਾਭ ਬੱਚਨ ਨੇ ਭਾਰਤੀ ਫ਼ਿਲਮ ਸਨਅਤ ਵੱਲੋਂ ਦੋ ਆਸਕਰ ਇਨਾਮ ਜਿੱਤਣ 'ਤੇ ਖ਼ੁਸ਼ੀ ਜ਼ਾਹਰ ਕਰਦਿਆਂ, ਇਹ ਇਨਾਮ ਹਾਸਲ ਕਰਨ ਵਾਲ਼ਿਆਂ ਨੂੰ ਵਧਾਈਆਂ ਦਿੱਤੀਆਂ ਹਨ। ਉਨ੍ਹਾਂ ਨੇ ਇਕ ਸੁਨੇਹੇ ਵਿਚ ਇਸ ਤਰ੍ਹਾਂ ਲਿਖਿਆ ਹੋਇਆ ਹੈ, "ਭਾਰਤ ਕਾ ਝੰਡਾ ਗਾਡ ਦੀਆ ਹੈ ਵਿਦੇਸ਼ ਮੇਂ!"

## ਸੁਰੇਖਾ ਯਾਦਵ ਨੇ ਨਵਾਂ ਇਤਿਹਾਸ ਰਚਿਆ

ਮਹਾਰਾਸ਼ਟਰ ਵਿਚ ਸਿਤਾਰਾ ਦੀ ਰਹਿਣ ਵਾਲ਼ੀ ਸੁਰੇਖਾ ਯਾਦਵ ਨੇ ਏਸ਼ੀਆ ਦੀ 'ਪਹਿਲੀ ਲੋਕੋ ਪਾਇਲਟ' ਵਜੋਂ 'ਵੰਦੇ ਭਾਰਤ ਐਕਸਪ੍ਰੈੱਸ' ਰੇਲ ਗੱਡੀ ਚਲਾ ਕੇ ਇਕ ਵਾਰ ਫਿਰ ਨਵਾਂ ਇਤਿਹਾਸ ਰਚਿਆ ਹੈ। ਉਸ ਨੇ ਇਹ ਰੇਲ ਗੱਡੀ, ਸੋਲਾਪੁਰ ਤੋਂ ਸੀ. ਐੱਸ. ਐੱਮ. ਟੀ. ਤਕ ਚਲਾਈ। ਇਸ ਸਬੰਧ ਵਿਚ ਭਾਰਤ ਦੇ ਰੇਲਵੇ ਮੰਤਰੀ ਅਸ਼ਵਨੀ ਵੈਸ਼ਨਵ ਨੇ ਕਿਹਾ, "ਵੰਦੇ ਭਾਰਤ, ਨਾਰੀ ਸ਼ਕਤੀ ਨੇ ਚਲਾਈ ਤੇ ਸ਼੍ਰੀਮਤੀ ਸੁਰੇਖਾ ਯਾਦਵ ਹੈ, 'ਵੰਦੇ ਭਾਰਤ ਐਕਸਪ੍ਰੈੱਸ' ਦੀ ਪਹਿਲੀ ਇਸਤਰੀ ਲੋਕੋ ਪਾਇਲਟ!"



ਇੱਥੇ ਦੱਸਣਾ ਬਣਦਾ ਹੈ ਕਿ ਕੇਂਦਰੀ ਰੇਲਵੇ ਨੇ ਸੀ. ਐੱਸ. ਐੱਮ. ਟੀ. -ਸੋਲਾਪੁਰ ਅਤੇ ਸੀ. ਐੱਸ. ਐੱਮ. ਟੀ. - ਸਾਈਨਗਰ ਸ਼ਿਰਡੀ ਰੂਟਾਂ 'ਤੇ ਦੋ 'ਵੰਦੇ ਭਾਰਤ ਐਕਸਪ੍ਰੈੱਸ' ਗੱਡੀਆਂ ਚਲਾਈਆਂ ਹਨ, ਜਿਨ੍ਹਾਂ ਨੂੰ 10 ਫਰਵਰੀ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਰੀ ਝੰਡੀ ਲਹਿਰਾਅ ਕੇ ਵਿਦਾ ਕੀਤਾ ਸੀ। ਇਸ ਮੌਕੇ 'ਤੇ ਛਤਰਪਤੀ ਸ਼ਿਵਾ ਜੀ ਟਰਮੀਨਸ ਦੇ ਪਲੈਟਫਾਰਮ ਨੰਬਰ 8 'ਤੇ ਸੁਰੇਖਾ ਯਾਦਵ ਦਾ ਸਨਮਾਨ ਕੀਤਾ ਗਿਆ।

## ਧੀ ਨੇ ਵੱਢੀ ਹੋਈ ਮਾਂ ਰੱਖ ਛੱਡੀ

ਮੁੰਬਈ ਦੇ ਇਕ ਘਰ ਦੀ ਅਲਮਾਰੀ ਵਿਚੋਂ, ਇਕ ਔਰਤ ਦੀ ਲਾਸ਼ ਦੇ ਗਲ਼ੇ-ਸੜੇ ਟੁਕੜੇ ਮਿਲੇ ਹਨ। ਟੁਕੜਿਆਂ ਦੀ ਸ਼ਕਲ ਵਿਚ, ਪਲਾਸਟਿਕ ਦੇ ਇਕ ਥੈਲੇ ਵਿਚ ਮਿਲੀ ਲਾਸ਼ ਦੀ ਪਛਾਣ, 53 ਸਾਲਾ ਵੀਨਾ ਪ੍ਰਕਾਸ਼ ਜੈਨ ਵਜੋਂ ਹੋਈ ਹੈ। ਉਸ ਨੂੰ ਕਤਲ ਕਰਨ ਦਾ ਦੋਸ਼, ਉਸੇ ਦੀ 22 ਸਾਲਾ ਧੀ ਰਿੰਪਲ ਪ੍ਰਕਾਸ਼ ਜੈਨ ਦੇ ਸਿਰ ਲੱਗਿਆ ਹੈ। ਪੁਲਸ ਦੇ ਦੱਸਣ ਮੁਤਾਬਕ, ਇਹ ਕਤਲ, ਪਿਛਲੇ ਸਾਲ ਦਸੰਬਰ ਵਿਚ ਹੋਇਆ ਸੀ। ਪੁਲਸ ਨੇ ਰਿੰਪਲ ਨੂੰ ਹਿਰਾਸਤ ਵਿਚ ਲੈ ਕੇ ਕੇਸ ਦਰਜ ਕਰ ਲਿਆ ਹੈ। ਇਹ ਮਾਮਲਾ, ਮੁੰਬਈ ਦੇ ਲਾਲ ਬਾਗ਼ ਪੇਰੂ ਕੰਪਾਊਂਡ ਇਲਾਕੇ ਦਾ ਹੈ। ਵੀਨਾ ਦੀ ਵੱਢੀ-ਟੁੱਕੀ ਤੇ ਗਲੀ-ਸੜੀ ਲਾਸ਼ 15 ਮਾਰਚ ਨੂੰ, ਪਲਾਸਟਿਕ ਦੇ ਇਕ ਥੈਲੇ ਵਿਚ ਪਾ ਕੇ ਅਲਮਾਰੀ ਵਿਚ ਰੱਖੀ ਹੋਈ ਬਰਾਮਦ ਹੋਈ ਸੀ। ਇਕ ਹੋਰ ਸੂਚਨਾ ਅਨੁਸਾਰ, ਰਿੰਪਲ 12ਵੀਂ ਜਮਾਤ ਤਕ ਪੜ੍ਹੀ ਹੋਈ ਹੈ। ਉਹ ਆਪਣੀ ਮਾਂ ਨਾਲ਼, ਇੱਥੇ ਆਪਣੇ ਮਾਮੇ ਦੇ ਘਰ ਰਹਿੰਦੀ ਸੀ। ਮਾਮਾ ਹੀ ਉਨ੍ਹਾਂ ਨੂੰ ਖ਼ਰਚਾ-ਪਾਣੀ ਦਿੰਦਾ ਹੁੰਦਾ ਸੀ। 14 ਮਾਰਚ ਨੂੰ ਰਿੰਪਲ ਦੇ ਉਸੇ ਮਾਮੇ ਦੀ ਧੀ, ਉਨ੍ਹਾਂ ਦੇ ਘਰ ਆਈ ਤਾਂ ਰਿੰਪਲ ਨੇ ਉਸ ਨੂੰ ਅੰਦਰ ਆਉਣ ਦੇ ਲਈ ਘਰ ਦਾ ਬੂਹਾ ਨਾ ਖੋਲ੍ਹਿਆ। ਉਸ ਕੁੜੀ ਨੂੰ ਆਂਢੀਆਂ-ਗੁਆਂਢੀਆਂ ਨੇ ਦੱਸਿਆ ਕਿ ਦੋ ਮਹੀਨਿਆਂ ਤੋਂ ਉਨ੍ਹਾਂ ਨੇ ਵੀਨਾ ਨਹੀਂ ਦੇਖੀ। ਜਦੋਂ ਰਿੰਪਲ ਦੇ ਮਾਮਾ ਨੇ ਜਬਰੀ ਬੂਹਾ ਖੋਲ੍ਹਿਆ ਤਾਂ ਅੰਦਰੋਂ ਬਦਬੋ ਆਉਣ ਲੱਗੀ। ਲੋਕਾਂ ਨੇ ਹੀ ਪੁਲਸ ਨੂੰ ਇਤਲਾਹ ਦੇ ਦਿੱਤੀ ਤਾਂ ਪੁਲਸ ਨੇ ਘਰ ਦੀ ਤਲਾਸ਼ੀ ਲਈ ਤਾਂ ਅਲਮਾਰੀ ਵਿਚੋਂ ਵੀਨਾ ਦੀ ਵੱਢੀ-ਟੁੱਕੀ ਲਾਸ਼ ਬਰਾਮਦ ਹੋ ਗਈ। ਪੁਲਸ ਨੇ ਕਤਲ ਵਿਚ ਵਰਤਿਆ ਦਾਤ, ਕਟਰ ਤੇ ਚਾਕੂ ਵੀ ਬਰਾਮਦ ਕਰ ਕੇ ਤਫ਼ਤੀਸ਼ ਸ਼ੁਰੂ ਕਰ ਦਿੱਤੀ ਹੈ।



## 'ਚਮਕੀਲਾ' ਦੀ ਸ਼ੂਟਿੰਗ ਸਮਾਪਤ

ਜਾਣੇ-ਪਛਾਣੇ ਫ਼ਿਲਮ ਨਿਰਦੇਸ਼ਕ ਇਮਤਿਆਜ਼ ਅਲੀ ਨੇ ਪੰਜਾਬੀ ਦਰਸ਼ਕਾਂ ਵੱਲੋਂ ਬਹੁਤ ਚਿਰ ਤੋਂ ਉਡੀਕੀ ਜਾ ਰਹੀ ਫ਼ਿਲਮ 'ਚਮਕੀਲਾ' ਦੀ ਸ਼ੂਟਿੰਗ ਸਿਰੇ ਲਾ ਦਿੱਤੀ ਹੈ। ਇਸ ਫ਼ਿਲਮ ਵਿਚ, ਪੰਜਾਬੀਆਂ ਦੇ ਚਹੇਤੇ ਗਾਇਕ ਅਮਰ ਸਿੰਘ ਚਮਕੀਲਾ ਦਾ ਕਿਰਦਾਰ ਨਿਭਾਉਣ ਵਾਲ਼ੇ ਦਿਲਜੀਤ ਦੁਸਾਂਝ ਅਤੇ ਚਮਕੀਲੇ ਦੀ ਸਾਥਣ ਗਾਇਕਾ ਅਮਰਜੋਤ ਕੌਰ ਦਾ ਕਿਰਦਾਰ ਨਿਭਾਉਣ ਵਾਲ਼ੀ ਪਰਿਨੀਤੀ ਚੋਪੜਾ ਨੇ ਕਿਹਾ ਹੈ ਕਿ ਉਨ੍ਹਾਂ ਨੂੰ ਇਸ ਫ਼ਿਲਮ ਦੀ ਸ਼ੂਟਿੰਗ ਦੌਰਾਨ ਬਹੁਤ ਕੁੱਝ ਸਿੱਖਣ ਦਾ ਮੌਕਾ ਮਿਲਿਆ ਹੈ ਤੇ ਉਹ ਦੋਵੇਂ ਇਸ ਲਈ ਇਮਤਿਆਜ਼ ਅਲੀ ਦੇ ਸ਼ੁਕਰਗੁਜ਼ਾਰ ਹਨ। ਇੱਥੇ ਦੱਸਣਾ ਹੀ ਪੈਣਾ ਹੈ ਕਿ ਪਰਿਨੀਤੀ ਚੋਪੜਾ ਬਹੁਤ ਵਧੀਆ ਅਦਾਕਾਰਾ ਹੋਣ ਦੇ ਨਾਲ਼-ਨਾਲ਼ ਵਧੀਆ ਗਾਇਕਾ ਵੀ ਹਨ। ਦਿਲਜੀਤ ਤਾਂ ਅਦਾਕਾਰ ਬਣਨ ਤੋਂ ਪਹਿਲਾਂ ਵੀ ਮਗਰੋਂ ਵੀ ਗਾਇਕ ਹੈ।



## ਪ੍ਰਦੂਸ਼ਣ 'ਚ ਭਾਰਤ ਅੱਠਵੇਂ ਥਾਂ

ਭਾਰਤ ਪਿਛਲੇ ਸਾਲ ਵਿਚ ਹੀ ਜਹਾਨ ਦਾ ਅੱਠਵਾਂ ਸਭ ਤੋਂ ਗੰਦਾ ਦੇਸ਼ ਬਣ ਗਿਆ ਸੀ। ਚੰਗੀ ਗੱਲ ਇਹ ਹੈ ਕਿ 2021 ਵਿਚ ਭਾਰਤ ਇਸ ਪੱਖੋਂ ਪੰਜਵੇਂ ਥਾਂ ਸੀ, ਯਾਨੀ ਹੁਣ ਇਸ ਦੀ ਹਾਲਤ ਰਤਾ ਕੁ ਸੁਧਰੀ ਹੈ। ਹਵਾ ਵਿਚ ਗੰਦਗੀ ਦੀ ਮਿਕਦਾਰ ਮਿਣਨ ਵਾਲ਼ੀ ਸਵਿਸ ਏਜੰਸੀ ਆਈ. ਕਿਊ. ਏਅਰ ਨੇ ਜਹਾਨ ਭਰ ਵਿਚ ਹਵਾ ਦੀ ਸ਼ੁਧਤਾ ਸਬੰਧੀ ਰਿਪੋਰਟ ਜਾਰੀ ਕੀਤੀ ਹੈ, ਜਿਸ ਵਿਚ 131 ਮੁਲਕਾਂ ਦਾ ਜਾਇਜ਼ਾ ਲੈ ਕੇ ਪੇਸ਼ ਕੀਤਾ ਗਿਆ ਹੈ। ਇਸ ਰਿਪੋਰਟ ਮੁਤਾਬਕ ਜਹਾਨ ਦੇ ਸਭ ਨਾਲ਼ੋਂ ਵੱਧ ਗੰਦੀ ਹਵਾ ਵਾਲ਼ੇ 20 ਸ਼ਹਿਰਾਂ ਵਿਚੋਂ 19 ਸ਼ਹਿਰ, ਏਸ਼ੀਆ ਦੇ ਹਨ ਤੇ ਉਨ੍ਹਾਂ ਵਿਚੋਂ 14 ਸ਼ਹਿਰ ਆਪਣੇ ਭਾਰਤ ਦੇ ਹਨ। ਇਨ੍ਹਾਂ ਵਿਚੋਂ ਇਕ ਸ਼ਹਿਰ, ਅਫ਼ਰੀਕੀ ਹੈ। ਪਾਕਿਸਤਾਨੀ ਸ਼ਹਿਰ ਲਾਹੌਰ ਵਿਚ ਪ੍ਰਦੂਸ਼ਣ 97.4 ਹੈ, ਚੀਨੀ ਸ਼ਹਿਰ ਹੋਟਨ ਵਿਚ 94.3, ਭਾਰਤ ਵਿਚ ਰਾਜਸਥਾਨੀ ਸ਼ਹਿਰ ਭਿਵਾੜੀ ਵਿਚ 92.7, ਦਿੱਲੀ ਵਿਚ 92.6, ਪਾਕਿਸਤਾਨੀ ਸ਼ਹਿਰ ਪਿਸ਼ਾਵਰ ਵਿਚ 91.8, ਬਿਹਾਰੀ ਸ਼ਹਿਰ ਦਰਭੰਗਾ ਵਿਚ 90.3 ਤੇ ਆਸੋਪੁਰ ਵਿਚ ਪ੍ਰਦੂਸ਼ਣ 90.2 ਹੈ।



## 'ਫ਼ਰਜ਼ੀ' ਦਾ ਦ੍ਰਿਸ਼ ਸਾਕਾਰ ਕੀਤਾ

ਹਾਲ਼ ਹੀ ਵਿਚ ਦਿਖਾਈ ਗਈ ਵੈੱਬ-ਸੀਰੀਜ਼ 'ਫ਼ਰਜ਼ੀ' ਦਾ ਇਕ ਦ੍ਰਿਸ਼, ਪਿਛਲੇ ਦਿਨੀਂ ਹਰਿਆਣਾ ਵਿਚ ਗੁਰੂਗਰਾਮ ਦੀ ਗੌਲਫ ਕੋਰਸ ਰੋਡ ਉੱਤੇ ਉਸ ਵੇਲ਼ੇ ਸਾਕਾਰ ਹੋਇਆ ਦਿਸਿਆ, ਜਦੋਂ ਮੂੰਹ ਉੱਤੇ ਨਕਾਬ ਚੜ੍ਹਾ ਕੇ, ਆਪਣੀ ਚਿੱਟੀ ਕਾਰ ਦੀ ਡਿੱਕੀ ਵਿਚ ਬੈਠੇ ਇਕ ਆਦਮੀ ਨੇ ਚੱਲਦੀ ਕਾਰ ਵਿਚੋਂ ਕਰੰਸੀ ਨੋਟ, ਹਵਾ ਵਿਚ ਉਡਾਉਣੇ ਸ਼ੁਰੂ ਕਰ ਦਿੱਤੇ। ਵੈੱਬ-ਸੀਰੀਜ਼ 'ਫ਼ਰਜ਼ੀ' ਵਿਚ ਤਾਂ ਗ੍ਰਿਫ਼ਤਾਰੀ ਤੋਂ ਬਚਣ ਲਈ ਸ਼ਾਹਿਦ ਕਪੂਰ ਤੇ ਉਸ ਦੇ ਸਾਥੀਆਂ ਨੇ ਨਕਲੀ ਨੋਟ ਉਡਾਏ ਸਨ, ਪਰ ਇਸ ਅਸਲੀ ਦ੍ਰਿਸ਼ ਵਿਚ ਇਹ ਪਤਾ ਨਹੀਂ ਲੱਗ ਸਕਿਆ ਕਿ ਉਡਾਏ ਜਾਣ ਵਾਲ਼ੇ ਨੋਟ ਅਸਲੀ ਸਨ ਜਾਂ ਨਕਲੀ। ਖ਼ੈਰ, ਪੁਲਸ ਨੇ ਇਸ ਹਕੀਕੀ ਘਟਨਾ ਵਿਚ ਨੋਟ ਉਡਾਉਣ ਵਾਲ਼ਾ ਪਛਾਣ ਲਿਆ ਹੈ ਤੇ ਉਸ ਦੇ ਖ਼ਿਲਾਫ਼ ਕੇਸ ਦਰਜ ਕਰ ਲਿਆ ਹੈ। ਇਹ ਜਾਣਕਾਰੀ, ਡੀ. ਐੱਲ. ਐੱਫ. ਗੁਰੂਗਰਾਮ ਦੇ ਸਹਾਇਕ ਪੁਲਸ ਕਮਿਸ਼ਨਰ ਵਿਕਾਸ ਕੌਸ਼ਿਕ ਨੇ ਦਿੱਤੀ ਹੈ। ਉਨ੍ਹਾਂ ਨੇ ਦੱਸਿਆ ਕਿ ਉਨ੍ਹਾਂ ਨੂੰ ਇਸ ਘਟਨਾ ਦਾ ਪਤਾ, ਸੋਸ਼ਲ ਮੀਡੀਆ 'ਤੇ ਨਸ਼ਰ ਕੀਤੀ ਹੋਈ ਇਕ ਵਿਡੀਓ ਤੋਂ ਮਿਲੀ ਸੀ।



ੴ ਵਾਹਿਗੁਰੂ ਜੀ ਕੀ ਫਤਹਿ॥

# KHALSA DIWAN SOCIETY

## GURDWARA SAHIB

(Established in 1906)

8000 Khalsa Diwan Road, Vancouver, BC, V5X 4C5 Canada Ph: (604) 322-5610 or (604) 324-2010
Email: kdsross@live.com





## PROGRAM SCHEDULE:

| | |
|---|---|
| 7:00 am - 9:00 am | Kirtan (Hymn Singing) |
| 9:00 am - 9:30 am | Reception of Dignitaries |
| 9:30 am - 10:30 am | Speeches |
| 10:45 am | Ardas |

**Outside Celebrations - 11:00 am**

Vaisakhi is a very important day for the Sikhs and one of the most colourful events in the Sikh calendar. It occurs during mid-April every year and traditionally coincides in Punjab with the first harvesting of the crops for the year. So historically, Vaisakhi has been a very joyous occasion and a time for celebration. Since 1699, it has marked the very significant religious event of creation of the Khalsa.

# *Vaisakhi*
## *Day Celebration*
## Saturday, April 15, 2023

**The Khalsa Diwan Society** is a pioneer Sikh Society and was formally established in 1906. In 1908 the Society built the first Sikh Gurdwara at 1866 West 2nd Avenue, Vancouver, BC. This Gurdwara served the community until 1970 when the new Ross Street (now Khalsa Diwan Road) location was opened . The Khalsa Diwan Society has played a major role in the social and economic development of the Canadian society, raising Sikhi & Humanitarian related issues and getting recognition for Sikhs in Canada.

**R.S.V.P.** Tel: **604-322-5610** or email **kdsross@live.com**

**President:** **Kuldip Singh Thandi** (Cell: 604-377-3114)
**Treasurer:** **Sukhpaul Singh Jhooty** (Cell: 778-840-5602)
**Gen. Secretary: Kashmir Singh Dhaliwal** (Cell: 778-881-4216)
**Head Granthi: Harminderpal Singh** (Cell: 778-706-5166)



## BRIDE WANTED
## ਲੜਕੀ ਦੀ ਲੋੜ

### Bride Wanted

**USA CITIZEN Handsome Boy 32 years old, 5'11" height Well educated, Well Settled Sikh Family Prefer Punjabi Girl**, looking in America or Canada height minimum 5'4" Contact +15103968812

**MARCH.**

### ਲੜਕੀ ਦੀ ਲੋੜ

ਜੱਟ ਸਿੱਖ, ਉਮਰ 30 ਸਾਲ, ਕੱਦ 5 ਫੁੱਟ 10 ਇੰਚ, ਨੌਨ ਮੈਡੀਕਲ, ਡਬਲ ਐਮ.ਏ, ਪੰਜਾਬ ਰਹਿੰਦੇ ਲੜਕੇ ਲਈ ਕੈਨੇਡਾ ਪੀ.ਆਰ ਜਾਂ ਸਿਟੀਜ਼ਨ ਲੜਕੀ ਦੀ ਲੋੜ ਹੈ। ਹੋਰ ਜਾਣਕਾਰੀ ਲਈ ਫੋਨ ਕਰੋ 204-295-4701

### Name Change

I Mahbir Singh Bath s/o Lakhwinder Singh R/o VPO BATH BATH, Distt TARN TARAN, punjab, India, Passport number: V3086550, Present adress 20031 28ave NW Edmonton Alberta T6M 0W8

have changed my name to Mahbir Singh Batth. All concerned note Please.

Contact 780-243-4006 **MARCH.**

### ਕਨੇਡੀਅਨ ਲੜਕੀ ਦੀ ਲੋੜ

**ਕਨੈਡਾ ਦੀਆਂ ਪੀ ਆਰ ਲੜਕੀਆਂ ਨੂੰ ਪੰਜਾਬ ਰਹਿੰਦੇ ਟਾਂਕ ਕਸ਼ੱਤਰੀ ਧਾਮੀ ਇਕਲੌਤੇ ਭਰਾ ਲਈ ਕਨੇਡੀਅਨ ਲ਼ੜਕੀ ਦੀ ਲੋੜ ਹੈ। ਨਸ਼ਿਆਂ ਤੋ ਰਹਿਤ, ਸਰਦਾਰ, ਸਾਊ, ਖ਼ਾਨਦਾਨੀ ਲੜਕੇ ਦਾ ਜਨਮ** 24 **ਜਨਵਰੀ 1999 ਕੱਦ** 5'4 **ਇੰਚ,** ਵਿੱਦਿਅਕ ਯੋਗਤਾ Qualification iti Occupations graphics designer ਹੈ। ਲੜਕੇ ਦਾ ਦਾਦਕਾ ਨਾਨਕਾ ਪਰਿਵਾਰ ਕਨੇਡਾ ਵਿੱਚ ਵੈੱਲਸੈਟਲਡ ਹਨ ਸੰਪਰਕ ਕਨੇਡਾ - 416-300-3204 India 9814320452 March

### Bride Wanted

**Canadian citizen jatt sikh divorced, 38 years old, well settled, self-employed, earning 6 Figures.** Looking for suitable MatchContact number- 2049519905

**MARCH.**

### Name Change

I, Sukhwinder Singh Bhalla, father of Harjas Singh, resident of Kothi no. 19, Sardar colony, Green Enclave, O/S Makhu Gate,Ferozepur city, Ferozepur, 152002, punjab, India, and presently residing at 5236 Mullen Crest, Edmonton, AB. T6R0P9, do hereby change the name of my son from Harjas Singh to Harjas Singh Bhalla, with immediate effect.

**MARCH.**

## GROOM WANTED
## ਵਰ ਦੀ ਲੋੜ



### Groom Wanted

**Ramgarhia Sikh family seeks a suitable match for their daughter, 1988 born, 5`-3``tall, Canadian PR,** B.Sc. Nursing, working in Health clinic as a MOA, father Retd. as a senior manager, beautiful, well vesed in both cultures, family oriented. The boy should be Ramgarhia, turbaned with trim beard or clean shaven, vegetarian, well settled, educated Call:437-267-0460

**FEB.**



### Groom Wanted

**Suitable match for Saini Sikh beautiful Girl, Convent educated, MSc. Chemistry, Canada, Study Permit, Born September 1992, Jalandhar City, 5'5".** Looking for handsome, well-settled boy on work permit or PR only, preferably in BC, Canada. Kindly whatsapp only at 778-956-7035.Kindly Marriage bureau excuse. **March.**

### ਲੜਕੇ ਦੀ ਲੋੜ

ਕੈਨੇਡੀਅਨ ਸਿਟੀਜ਼ਨ, ਪੰਜਾਬੀ ਸਿੱਖ ਲੜਕੀ, ਉਮਰ 32 ਸਾਲ, ਕੱਦ 5 ਫੁੱਟ 4 ਇੰਚ , ਪੜਾਈ, ਕਰੀਮੀਨਲ ਜਸਟਿਸ ਲਾਅ, ਲਈ ਲੜਕੇ ਦੀ ਲੋੜ ਹੈ। ਸਿਰਫ਼ ਵਿੰਨੀਪੈਗ, ਕੈਲਗਰੀ ਅਤੇ ਸਰੀ ਵਾਲੇ ਹੀ ਸੰਪਰਕ ਕਰਨ, ਹੋਰ ਜਾਣਕਾਰੀ ਲਈ ਜੱਸੀ ਥਿੰਦ ਨਾਲ ਫੋਨ ਕਰੋ 204-979-7723 'ਤੇ ਸੰਪਰਕ ਕਰੋ।

## NEED WORKER
## ਵਰਕਰਾਂ ਦੀ ਲੋੜ

**ਐਡਮਿੰਟਨ ਦੀ ਉਘੀ ਕਲੀਨ ਅੱਪ ਕੰਪਨੀ ਨੂੰ ਵਰਕਰਾਂ ਦੀ ਲੋੜ ਹੈ। ਸਟੂਡੈਂਟ ਵੀ ਕੰਮ ਕਰ ਸਕਦੇ ਹਨ। ਰਾਈਡ ਦਾ ਪੂਰਾ ਪ੍ਰਬੰਧ ਹੈ। ਸੰਪਰਕ ਕਰੋ- 780-907-9421.**

## NEED WORKER/ਕਲੀਨ ਅੱਪ ਵਰਕਰਾਂ ਦੀ ਲੋੜ

**ਵਿੰਨੀਪੈਗ ਦੀ ਕੰਪਨੀ ਐਚ ਐਮ ਟੀ ਬਿਲਡਿੰਗ ਸਰਵਿਸ ਲਿਮਟਡ ਨੂੰ ਕਲੀਨ ਅੱਪ ਵਰਕਰਾਂ ਦੀ ਲੋੜ ਹੈ। ਚਾਹਵਾਨ ਹੇਠ ਲਿਖੇ ਨੰਬਰ ਤੇ ਸੰਪਰਕ ਕਰ ਸਕਦੇ ਹਨ। ਫੋਨ-431-588-1216**


## 'ਦੇਸ-ਪ੍ਰਦੇਸ ਟਾਈਮਜ਼' 'ਚ

## ਮੈਟਰੀਮੋਨੀਅਲ ਤੇ ਕਲਾਸੀਫਾਈਡ

## ਦੇਣ ਲਈ ਸੰਪਰਕ ਕਰੋ

## 778-772-1994

## ਵਿੰਨੀਪੈੱਗ : 204-955-8396


### Name Change

I Bhupinder Singh S/o Sh Gurmeet singh resident of village Namazipur PO Mule All Kharre, Tehsil Shahkot Distt Jalandhar, Pb at present resident of 18120-75 St NW Edmonton AB,Passport no. J 1841081 DOB-6-4-1986. Have changed my name Bhupinder singh to Bhupinder Singh Josan. All concerned note Please. contact-587-566-6257

# ਸ਼ਹੀਦ ਭਗਤ ਸਿੰਘ ਦੇ ਸੁਪਨਿਆਂ ਦਾ ਭਾਰਤ ਕਿੱਥੇ ਹੈ?

**ਸੁਮੀਤ ਸਿੰਘ**

ਸ਼ਹੀਦ ਭਗਤ ਸਿੰਘ ਅਤੇ ਉਸ ਦੇ ਸਾਥੀਆਂ ਦਾ ਸੁਪਨਾ ਸੀ ਕਿ ਆਜ਼ਾਦ ਹਿੰਦੋਸਤਾਨ ਵਿਚ ਅਜਿਹਾ ਨਿਆਂਪਸੰਦ ਅਤੇ ਬਰਾਬਰੀ 'ਤੇ ਆਧਾਰਿਤ ਸਮਾਜਵਾਦੀ ਨਿਜ਼ਾਮ ਸਥਾਪਿਤ ਕੀਤਾ ਜਾਵੇ ਜਿਸ ਵਿਚ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨਾ ਹੋਵੇ, ਸਾਮਰਾਜ ਪੱਖੀ ਅਤੇ ਜਗੀਰਦਾਰੀ ਢਾਂਚੇ ਦਾ ਖ਼ਾਤਮਾ ਹੋਵੇ, ਹਰੇਕ ਮਨੁੱਖ ਨੂੰ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਆਸਾਨੀ ਨਾਲ ਪ੍ਰਾਪਤ ਹੋਣ, ਲੋਕ ਵਿਗਿਆਨਕ ਸੋਚ ਦੇ ਧਾਰਨੀ ਹੋਣ ਅਤੇ ਕਿਸੇ ਵੀ ਨਾਗਰਿਕ ਨਾਲ ਧਰਮ, ਜਾਤ-ਪਾਤ, ਲਿੰਗ ਸਮੇਤ ਹੋਰ ਕਿਸੇ ਵੀ ਪੱਧਰ ਉੱਤੇ ਕੋਈ ਵਿਤਕਰਾ ਨਾ ਹੋਵੇ। ਅਜਿਹੇ ਨਿਜ਼ਾਮ ਦੀ ਸਥਾਪਤੀ ਖ਼ਾਤਰ ਉਸ ਨੇ ਸਿਰਫ਼ ਸਾਢੇ ਤੇਈ ਸਾਲ ਦੀ ਉਮਰ ਵਿਚ ਰਾਜਗੁਰੂ ਅਤੇ ਸੁਖਦੇਵ ਸਮੇਤ ਹੱਸ ਕੇ ਫਾਂਸੀ ਦੇ ਰੱਸੇ ਨੂੰ ਚੁੰਮਦਿਆਂ ਸ਼ਹਾਦਤ ਦਿੱਤੀ ਅਤੇ 'ਇਨਕਲਾਬ ਜ਼ਿੰਦਾਬਾਦ- ਸਾਮਰਾਜਵਾਦ ਮੁਰਦਾਬਾਦ' ਦਾ ਨਾਅਰਾ ਬੁਲੰਦ ਕੀਤਾ। ਬੜੇ ਅਫ਼ਸੋਸ ਦੀ ਗੱਲ ਹੈ ਕਿ ਸਮੇਂ ਸਮੇਂ ਰਹੀਆਂ ਵੱਖ ਵੱਖ ਹਕੂਮਤਾਂ ਨੇ ਸ਼ਹੀਦ ਭਗਤ ਸਿੰਘ ਤੇ ਸਾਥੀਆਂ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੀ ਨੇਕਨੀਅਤੀ ਕਦੇ ਨਹੀਂ ਵਿਖਾਈ।

ਭਾਰਤ ਦੀ ਆਜ਼ਾਦੀ ਤੋਂ ਬਾਅਦ ਸਾਡੀਆਂ ਹਾਕਮ ਜਮਾਤਾਂ ਪਿਛਲੇ 75 ਸਾਲਾਂ ਤੋਂ ਸ਼ਹੀਦ ਭਗਤ ਸਿੰਘ ਅਤੇ ਉਸ ਦੀ ਇਨਕਲਾਬੀ ਸਮਾਜਵਾਦੀ ਵਿਚਾਰਧਾਰਾ ਨੂੰ ਅਣਗੌਲਿਆਂ ਕਰਦੀਆਂ ਆ ਰਹੀਆਂ ਹਨ। ਇਸ ਦੇ ਬਾਵਜੂਦ ਉਸ ਨੇ ਦੇਸ਼-ਵਿਦੇਸ਼ ਦੇ ਕਰੋੜਾਂ ਲੋਕਾਂ ਅਤੇ ਸਮੁੱਚੀ ਮਿਹਨਤਕਸ਼ ਜਮਾਤ ਦੇ ਮਨਾਂ ਵਿਚ ਇਕ ਮਹਾਨ ਨਾਇਕ ਅਤੇ ਇਨਕਲਾਬੀ ਆਦਰਸ਼ ਹੋਣ ਦਾ ਮਾਣ-ਸਤਿਕਾਰ ਹਾਸਿਲ ਕੀਤਾ ਹੈ। ਉਸ ਦੀ ਲਾਸਾਨੀ ਸ਼ਹਾਦਤ ਅਤੇ ਦੁਨੀਆਂ ਦੇ ਮਹਾਨ ਇਨਕਲਾਬਾਂ ਤੇ ਇਨਕਲਾਬੀ ਸਾਹਿਤ ਦਾ ਪੂਰੀ ਡੂੰਘਾਈ ਨਾਲ ਅਧਿਐਨ ਕਰਨ ਸਦਕਾ ਹੀ ਭਗਤ ਸਿੰਘ ਨੂੰ ਸ਼ਹੀਦ-ਏ-ਆਜ਼ਮ ਅਤੇ ਇਨਕਲਾਬੀ ਚਿੰਤਕ ਕਿਹਾ ਜਾਂਦਾ ਹੈ।

ਇਸੇ ਕਾਰਨ ਉਸ ਦੀ ਸ਼ਹਾਦਤ ਦੇ 92 ਸਾਲਾਂ ਬਾਅਦ ਵੀ ਦੇਸ਼ ਦੀਆਂ ਸਮੂਹ ਲੋਕਪੱਖੀ ਸਿਆਸੀ, ਸਮਾਜਿਕ ਤੇ ਜਨਤਕ ਜਥੇਬੰਦੀਆਂ ਅਤੇ ਕਰੋੜਾਂ ਮਿਹਨਤਕਸ਼ ਲੋਕ ਹਰ ਸਾਲ ਸ਼ਹੀਦ ਭਗਤ ਸਿੰਘ ਦਾ ਜਨਮ ਅਤੇ ਸ਼ਹੀਦੀ ਦਿਹਾੜਾ ਮਨਾਉਣ ਦੇ ਨਾਲ ਨਾਲ ਉਸ ਦੀ ਇਨਕਲਾਬੀ ਵਿਚਾਰਧਾਰਾ ਤੋਂ ਪ੍ਰੇਰਨਾ ਲੈ ਕੇ ਆਪਣੇ ਜਮਹੂਰੀ ਹੱਕਾਂ ਦੀ ਰਾਖੀ ਲਈ ਲੋਕਪੱਖੀ ਜਨਤਕ ਸੰਘਰਸ਼ਾਂ ਦੀਆਂ ਪੈੜਾਂ ਨੂੰ ਹੋਰ ਮਜ਼ਬੂਤ ਕਰ ਰਹੇ ਹਨ। ਦਿੱਲੀ ਦੀਆਂ ਹੱਦਾਂ ਉੱਤੇ ਸਫ਼ਲਤਾਪੂਰਵਕ ਚੱਲੇ ਕਿਸਾਨ ਅੰਦੋਲਨ ਦੀ ਮਿਸਾਲ ਸਾਡੇ ਸਾਹਮਣੇ ਹੈ।

ਕੁਝ ਮੌਕਾਪ੍ਰਸਤ ਅਤੇ ਫ਼ਿਰਕੂ ਤਾਕਤਾਂ ਸ਼ਹੀਦ ਭਗਤ ਸਿੰਘ ਦੀ ਸ਼ਖ਼ਸੀਅਤ ਅਤੇ ਇਨਕਲਾਬੀ ਸੋਚ ਨੂੰ ਸੋਚੀ ਸਮਝੀ ਸਾਜ਼ਿਸ਼ ਤਹਿਤ ਤੋੜ ਮਰੋੜ ਕੇ ਗ਼ਲਤ ਢੰਗ ਨਾਲ ਪੇਸ਼ ਕਰ ਰਹੀਆਂ ਹਨ। ਕਦੇ ਉਸ ਨੂੰ ਟੋਪੀ, ਪਗੜੀ ਅਤੇ ਦਹਿਸ਼ਤਪਸੰਦ ਨੌਜਵਾਨ ਦੇ ਵਿਵਾਦ ਨਾਲ ਜੋੜ ਦਿੱਤਾ ਜਾਂਦਾ ਹੈ ਅਤੇ ਕਦੇ ਉਸ ਨੂੰ ਆਸਤਿਕ ਸਿੱਧ ਕਰਨ ਦਾ ਯਤਨ ਕੀਤਾ ਜਾਂਦਾ ਹੈ। ਹਕੀਕਤ ਇਹ ਹੈ ਕਿ ਸ਼ਹੀਦ ਭਗਤ ਸਿੰਘ ਦਾ ਕਿਸੇ ਵੀ ਧਰਮ, ਪਰਮਾਤਮਾ, ਆਤਮਾ, ਜਾਤ-ਪਾਤ, ਪਾਠ-ਪੂਜਾ ਅਤੇ ਕਿਸਮਤ ਵਿਚ ਕੋਈ ਵਿਸ਼ਵਾਸ ਨਹੀਂ ਸੀ। ਇਸ ਦਾ ਖੁਲਾਸਾ ਉਸ ਨੇ ਆਪਣੀ ਲਿਖਤ 'ਮੈਂ ਨਾਸਤਿਕ ਕਿਉਂ ਹਾਂ?' ਵਿਚ ਬਾਖ਼ੂਬੀ ਕੀਤਾ ਹੈ। ਸ਼ਹੀਦੇ ਆਜ਼ਮ ਦਾ ਕਹਿਣਾ ਸੀ ਕਿ ਪਿਸਤੌਲ ਅਤੇ ਬੰਬ ਕਦੇ ਇਨਕਲਾਬ ਨਹੀਂ ਲਿਆਉਂਦੇ ਸਗੋਂ ਇਨਕਲਾਬ ਦੀ ਤਲਵਾਰ ਵਿਚਾਰਾਂ ਦੀ ਸਾਣ ਉੱਤੇ ਤਿੱਖੀ ਹੁੰਦੀ ਹੈ। ਉਸ ਦਾ ਅਸਲ ਹਥਿਆਰ ਉਸ ਦੀ ਕਲਮ ਅਤੇ ਇਨਕਲਾਬੀ ਫਲਸਫ਼ਾ ਸੀ ਜਿਸ ਨੇ ਉਸ ਦੀ ਬੌਧਿਕ ਸਮਰੱਥਾ ਨੂੰ ਸਥਾਪਿਤ ਕੀਤਾ।



ਦੇਸ਼ ਦੀਆਂ ਜ਼ਿਆਦਾਤਰ ਸਰਕਾਰਾਂ ਨੇ ਮੁਲਕ ਦੀ ਆਜ਼ਾਦੀ ਲਈ ਜਾਨਾਂ ਵਾਰਨ ਵਾਲੇ ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ, ਊਧਮ ਸਿੰਘ, ਚੰਦਰ ਸ਼ੇਖਰ ਆਜ਼ਾਦ, ਮਦਨ ਲਾਲ ਢੀਂਗਰਾ, ਸੁਭਾਸ਼ ਚੰਦਰ ਬੋਸ, ਦੁਰਗਾ ਭਾਬੀ, ਗ਼ਦਰੀ ਬਾਬੇ ਅਤੇ ਹੋਰਨਾਂ ਇਨਕਲਾਬੀਆਂ ਨੂੰ ਕੌਮੀ ਪੱਧਰ ਉੱਤੇ ਮਾਨਤਾ ਦੇਣ ਦੀ ਕਦੇ ਰਾਜਸੀ ਨੇਕਨੀਅਤੀ ਨਹੀਂ ਵਿਖਾਈ। ਇਸ ਤੋਂ ਵੱਧ ਫ਼ਿਰਕੂ ਸਿਆਸਤ ਹੋਰ ਕੀ ਹੋ ਸਕਦੀ ਹੈ ਕਿ ਸਾਮਰਾਜ ਪੱਖੀ ਹੁਕਮਰਾਨਾਂ ਅਤੇ ਅਖੌਤੀ ਇਤਿਹਾਸਕਾਰਾਂ ਨੂੰ ਕੁਝ ਚੋਣਵੇਂ ਆਗੂਆਂ ਤੋਂ ਬਿਨਾਂ ਕੋਈ ਹੋਰ ਸੱਚਾ ਦੇਸ਼ਭਗਤ ਅਤੇ ਸ਼ਹੀਦ ਵਿਖਾਈ ਹੀ ਨਹੀਂ ਦਿੱਤਾ। ਇਸ ਦੇ ਨਾਲ ਹੀ ਆਜ਼ਾਦੀ ਦੇ ਇਤਿਹਾਸ ਨੂੰ ਹੀ ਤੋੜਿਆ-ਮਰੋੜਿਆ ਜਾ ਰਿਹਾ ਹੈ।

ਹੈਰਾਨਗੀ ਇਸ ਗੱਲ ਦੀ ਹੈ ਕਿ ਜਿਹੜੀਆਂ ਸਾਮਰਾਜ ਪੱਖੀ ਅਤੇ ਫ਼ਿਰਕੂ ਤਾਕਤਾਂ ਸ਼ਹੀਦ ਭਗਤ ਸਿੰਘ ਅਤੇ ਉਸ ਦੇ ਇਨਕਲਾਬੀ ਸਾਥੀਆਂ ਦੀ ਵਿਚਾਰਧਾਰਾ ਤੇ ਸਰਗਰਮੀਆਂ ਦਾ ਉਨ੍ਹਾਂ ਦੇ ਜਿਉਂਦੇ ਜੀਅ ਡਟ ਕੇ ਵਿਰੋਧ ਕਰਦੀਆਂ ਰਹੀਆਂ, ਉਹੀ ਤਾਕਤਾਂ ਹੁਣ ਮੌਕਾਪ੍ਰਸਤ ਸਿਆਸਤ ਤਹਿਤ ਹਰ ਸਾਲ 23 ਮਾਰਚ ਅਤੇ 28 ਸਤੰਬਰ ਨੂੰ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਬੁੱਤਾਂ ਉੱਤੇ ਹਾਰ ਪਾ ਕੇ ਅਤੇ ਝੂਠੇ ਭਾਸ਼ਣ ਕਰਕੇ ਦੇਸ਼ ਦੀ ਜਨਤਾ ਨੂੰ ਗੁੰਮਰਾਹ ਕਰਦੀਆਂ ਹਨ। ਇਸ ਵਿਚਾਰਧਾਰਾ ਦੇ ਬਿਲਕੁਲ ਉਲਟ ਚਲਦਿਆਂ ਅਜਿਹੀਆਂ ਹਾਕਮ ਜਮਾਤਾਂ ਸਾਮਰਾਜੀ ਤਾਕਤਾਂ ਦੀਆਂ ਪਿਛਲੱਗ ਬਣ ਕੇ ਸੰਸਾਰੀਕਰਨ, ਉਦਾਰੀਕਰਨ ਅਤੇ ਨਿੱਜੀਕਰਨ ਦੀਆਂ ਲੋਕ-ਮਾਰੂ ਨੀਤੀਆਂ ਤਹਿਤ ਦੇਸ਼ ਦੇ ਚੰਗੇ ਭਲੇ ਜਨਤਕ ਅਦਾਰਿਆਂ ਨੂੰ ਬਹੁਕੌਮੀ ਕੰਪਨੀਆਂ ਕੋਲ ਕੌਡੀਆਂ ਦੇ ਭਾਅ ਵੇਚ ਰਹੀਆਂ ਹਨ। ਇਸ ਦੇ ਨਤੀਜੇ ਵਜੋਂ ਦੇਸ਼ ਵਿਚ ਮਹਿੰਗਾਈ, ਬੇਰੁਜ਼ਗਾਰੀ, ਗ਼ਰੀਬੀ, ਭੁੱਖਮਰੀ, ਨਾਬਰਾਬਰੀ, ਬਾਲ ਮਜ਼ਦੂਰੀ, ਭ੍ਰਿਸ਼ਟਾਚਾਰ ਆਦਿ ਸਮੱਸਿਆਵਾਂ ਵਿਕਰਾਲ ਰੂਪ ਧਾਰਨ ਕਰ ਚੁੱਕੀਆਂ ਹਨ।

ਸ਼ਹੀਦ ਭਗਤ ਸਿੰਘ ਹੋਰਾਂ ਨੇ ਜ਼ਾਲਮ ਬਰਤਾਨਵੀ ਹਕੂਮਤ ਤੋਂ ਆਜ਼ਾਦੀ ਹਾਸਿਲ ਕਰਨ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਸਨ। ਇਸ ਤੋਂ ਵੀ ਵੱਧ ਸਖ਼ਤ ਲੋਕ ਵਿਰੋਧੀ ਕਾਨੂੰਨ ਅਤੇ ਸਾਮਰਾਜ ਪੱਖੀ ਆਰਥਿਕ ਨੀਤੀਆਂ, ਕਾਰਪੋਰੇਟ ਲੁੱਟ, ਅੰਨ੍ਹੇਵਾਹ ਨਿੱਜੀਕਰਨ, ਭ੍ਰਿਸ਼ਟਾਚਾਰ, ਫ਼ਿਰਕਾਪ੍ਰਸਤੀ, ਸਮਾਜਿਕ ਅਨਿਆਂ ਅਤੇ ਆਰਥਿਕ ਨਾਬਰਾਬਰੀ ਦੀਆਂ ਨੀਤੀਆਂ ਮੌਜੂਦਾ ਸ਼ਰ੍ਹੇਆਮ ਲਾਗੂ ਕੀਤੀਆਂ ਜਾ ਰਹੀਆਂ ਹਨ। ਦੇਸ਼ ਦੇ ਸੰਵਿਧਾਨ, ਜਮਹੂਰੀਅਤ, ਧਰਮ ਨਿਰਪੱਖ ਅਤੇ ਬਹੁ-ਸਭਿਆਚਾਰਕ ਢਾਂਚੇ ਨੂੰ ਖੋਰਾ ਲਾਇਆ ਜਾ ਰਿਹਾ ਹੈ ਅਤੇ ਘੱਟਗਿਣਤੀ ਫ਼ਿਰਕਿਆਂ ਉੱਤੇ ਹਿੰਸਕ ਹਮਲੇ ਵਧ ਰਹੇ ਹਨ। ਵਿਰੋਧੀਆਂ ਖਿਲਾਫ਼ ਕੇਂਦਰੀ ਜਾਂਚ ਏਜੰਸੀਆਂ ਦੀ ਦੁਰਵਰਤੋਂ ਆਮ ਗੱਲ ਬਣਦੀ ਜਾ ਰਹੀ ਹੈ। ਇਹ ਅਫ਼ਸੋਸ ਦੀ ਗੱਲ ਹੈ ਕਿ ਲੋਕਤੰਤਰ ਦਾ ਚੌਥਾ ਥੰਮ ਕਹਾਉਣ ਵਾਲੇ ਮੀਡੀਆ ਦਾ ਵੱਡਾ ਹਿੱਸਾ ਲੋਕ-ਮਾਰੂ ਆਰਥਿਕ ਅਤੇ ਫ਼ਿਰਕੂ ਨੀਤੀਆਂ ਦਾ ਵਿਰੋਧ ਕਰਨ ਦੀ ਥਾਂ ਆਪਣੇ ਕਾਰਪੋਰੇਟ ਆਕਾਵਾਂ ਅਤੇ ਸੱਤਾਧਾਰੀ ਜਮਾਤਾਂ ਦੇ ਸੋਹਲੇ ਗਾਉਂਦਾ ਹੈ।

ਚਾਹੇ ਹਾਕਮ ਜਮਾਤਾਂ ਦੇਸ਼ ਵਿਚ ਵਿਕਾਸ ਹੋਣ ਦੇ ਲੱਖ ਦਾਅਵੇ ਕਰੀ ਜਾਣ, ਪਰ ਹਕੀਕਤ ਇਹ ਹੈ ਕਿ ਅੱਜ ਵੀ ਦੇਸ਼ ਦੇ ਕਰੋੜਾਂ ਗ਼ਰੀਬ ਤੇ ਦੱਬੇ ਕੁਚਲੇ ਲੋਕ, ਕਿਸਾਨ, ਮਜ਼ਦੂਰ ਰੋਟੀ, ਕੱਪੜਾ, ਮਕਾਨ, ਸਿੱਖਿਆ, ਸਿਹਤ, ਰੁਜ਼ਗਾਰ, ਬਿਜਲੀ, ਸਾਫ਼ ਪਾਣੀ, ਸੀਵਰੇਜ, ਸੜਕਾਂ ਦੀਆਂ ਬੁਨਿਆਦੀ ਸਹੂਲਤਾਂ ਨੂੰ ਤਰਸ ਰਹੇ ਹਨ। ਇਸ ਦੇ ਬਿਲਕੁਲ ਉਲਟ ਵੱਡੇ ਪੂੰਜੀਪਤੀ ਘਰਾਣੇ, ਉੱਚ ਅਧਿਕਾਰੀ ਅਤੇ ਸਿਆਸੀ ਨੇਤਾ ਮਿਲੀਭੁਗਤ ਨਾਲ ਟੈਕਸ ਚੋਰੀ, ਰਿਸ਼ਵਤਖੋਰੀ, ਭ੍ਰਿਸ਼ਟਾਚਾਰ ਅਤੇ ਕਈ ਤਰ੍ਹਾਂ ਦੇ ਘੁਟਾਲਿਆਂ ਰਾਹੀਂ ਦੇਸ਼ ਦੇ ਅਰਬਾਂ ਰੁਪਏ ਦੇ ਸਰਮਾਏ ਦੀ ਅੰਨ੍ਹੀ ਲੁੱਟ ਕਰਕੇ ਵਿਦੇਸ਼ੀ ਬੈਂਕਾਂ 'ਚ ਲਿਜਾ ਰਹੇ ਹਨ। ਹਰ ਸਾਲ ਲੱਖਾਂ ਭਾਰਤੀ ਵਿਦਿਆਰਥੀ ਅਤੇ ਨੌਜਵਾਨ ਬੇਰੁਜ਼ਗਾਰੀ, ਮਹਿੰਗਾਈ ਅਤੇ ਭ੍ਰਿਸ਼ਟਾਚਾਰ ਤੋਂ ਤੰਗ ਆ ਕੇ ਵਿਦੇਸ਼ਾਂ ਨੂੰ ਪਰਵਾਸ ਕਰ ਰਹੇ ਹਨ। ਕੀ ਇਹੀ ਹੈ ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਸੁਪਨਿਆਂ ਦਾ ਭਾਰਤ? ਹਰਗਿਜ਼ ਨਹੀਂ।

ਹਾਕਮ ਜਮਾਤਾਂ ਦੀਆਂ ਲੋਕ ਵਿਰੋਧੀ ਨੀਤੀਆਂ ਦਾ ਵਿਰੋਧ ਕਰਨ ਵਾਲੇ ਸੈਂਕੜੇ ਸਮਾਜਿਕ ਕਾਰਕੁਨਾਂ, ਬੁੱਧੀਜੀਵੀਆਂ, ਵਿਦਿਆਰਥੀਆਂ, ਵਕੀਲਾਂ, ਲੇਖਕਾਂ ਅਤੇ ਪੱਤਰਕਾਰਾਂ ਨੂੰ ਗ਼ੈਰਕਾਨੂੰਨੀ ਸਰਗਰਮੀਆਂ ਰੋਕੂ ਕਾਨੂੰਨ (ਯੂਏਪੀਏ) ਤਹਿਤ ਬਿਨਾਂ ਕਿਸੇ ਸੁਣਵਾਈ ਦੇ ਪਿਛਲੇ ਪੰਜ ਸਾਲਾਂ ਤੋਂ ਜੇਲ੍ਹਾਂ ਵਿਚ ਡੱਕਿਆ ਗਿਆ ਹੈ ਅਤੇ ਉਨ੍ਹਾਂ ਨੂੰ ਜ਼ਮਾਨਤਾਂ ਦੇਣ ਤੋਂ ਵੀ ਇਨਕਾਰ ਕੀਤਾ ਜਾ ਰਿਹਾ ਹੈ।

ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ "ਹਿੰਦੋਸਤਾਨ ਨੂੰ ਜ਼ਾਲਮ ਬਰਤਾਨਵੀ ਹਕੂਮਤ ਤੋਂ ਆਜ਼ਾਦ ਕਰਵਾਉਣ ਲਈ ਕਿਰਤੀ ਇਨਕਲਾਬ ਤੋਂ ਇਲਾਵਾ ਨਾ ਕਿਸੇ ਹੋਰ ਪ੍ਰੋਗਰਾਮ ਦੀ ਇੱਛਾ ਕਰਨੀ ਚਾਹੀਦੀ ਹੈ ਅਤੇ ਨਾ ਹੀ ਇਹ ਕਾਮਯਾਬ ਹੋ ਸਕਦਾ ਹੈ। ਇਸ ਲਈ ਨੌਜਵਾਨਾਂ ਨੂੰ ਇਨਕਲਾਬ ਦਾ ਸੁਨੇਹਾ ਕਾਰਖਾਨਿਆਂ ਅਤੇ ਖੇਤਾਂ ਵਿਚ ਕੰਮ ਕਰਦੇ ਲੱਖਾਂ ਮਜ਼ਦੂਰਾਂ, ਕਿਸਾਨਾਂ, ਝੁੱਗੀ-ਝੌਂਪੜੀਆਂ ਅਤੇ ਦੇਸ਼ ਦੇ ਕੋਨੇ ਕੋਨੇ ਵਿਚ ਪਹੁੰਚਾਉਣ ਦੀ ਲੋੜ ਹੈ। ਇਹੀ ਕਿਰਤੀ ਇਨਕਲਾਬ ਅਸਲ ਆਜ਼ਾਦੀ ਲਿਆਵੇਗਾ ਅਤੇ ਮਨੁੱਖ ਹੱਥੋਂ ਮਨੁੱਖ ਦੀ ਲੁੱਟ ਨੂੰ ਅਸੰਭਵ ਬਣਾ ਦੇਵੇਗਾ।" ਲੋਕਪੱਖੀ ਜਮਹੂਰੀ ਤਾਕਤਾਂ ਨੂੰ ਇਹ ਸੁਨੇਹਾ ਹਰ ਖੇਤਰ ਤਕ ਪਹੁੰਚਾਉਣ ਦੀ ਜ਼ਿੰਮੇਵਾਰੀ ਨਿਭਾਉਣੀ ਚਾਹੀਦੀ ਹੈ।

ਸ਼ਹੀਦ ਭਗਤ ਸਿੰਘ ਅਤੇ ਸਾਥੀਆਂ ਦੇ ਅਸਲ ਆਜ਼ਾਦੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਸਮੂਹ ਲੋਕਪੱਖੀ, ਅਗਾਂਹਵਧੂ, ਜਮਹੂਰੀ ਸਿਆਸੀ ਅਤੇ ਜਨਤਕ ਸੰਗਠਨਾਂ ਦੀ ਸਿਧਾਂਤਕ ਤੇ ਨੈਤਿਕ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਦੇਸ਼ ਦੇ ਸਮੁੱਚੇ ਖੇਤਰਾਂ ਦੇ ਸਮੂਹ ਮਿਹਨਤਕਸ਼ ਵਰਗਾਂ ਨੂੰ ਇਕ ਸਾਂਝੇ ਮੰਚ 'ਤੇ ਲਾਮਬੰਦ ਕਰ ਕੇ ਇਤਿਹਾਸਕ ਕਿਸਾਨ ਅੰਦੋਲਨ ਵਾਂਗ ਹੀ ਦੇਸ਼ ਵਿਆਪੀ ਅੰਦੋਲਨ ਵਿੱਢਣ ਤਾਂ ਜੋ ਦੇਸ਼ ਦੇ ਸੰਵਿਧਾਨ, ਧਰਮ ਨਿਰਪੱਖ ਤੇ ਜਮਹੂਰੀ ਢਾਂਚੇ ਨੂੰ ਤੋੜਨ ਅਤੇ ਜਨਤਕ ਖੇਤਰ ਨੂੰ ਵੇਚਣ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰ ਕੇ ਲੋਕਪੱਖੀ ਢਾਂਚਾ ਸਥਾਪਤ ਕੀਤਾ ਜਾ ਸਕੇ। 23 ਮਾਰਚ ਦੇ ਸ਼ਹੀਦਾਂ ਨੂੰ ਸਾਡੀ ਇਹੀ ਸੱਚੀ ਸ਼ਰਧਾਂਜਲੀ ਹੋਵੇਗੀ।

**ਸੰਪਰਕ: 76960-30173**






# ਅਨੇਕ ਸਮੱਸਿਆਵਾਂ ਦਾ ਇਕ ਹੱਲ 'ਚੁੱਪ'



ਪਰਮਾਤਮਾ ਵੱਲੋਂ ਮਨੁੱਖ ਨੂੰ ਮਿਲੀ ਇੱਕ ਅਜਿਹੀ ਸ਼ਕਤੀ ਜਿਸ ਦੀ ਵਰਤੋਂ ਨਾਲ ਮਨੁੱਖ ਆਪਣੇ ਆਪ ਨਾਲ ਸੰਵਾਦ ਰਚਾਉਂਦਾ ਹੋਇਆ ਆਨੰਦ ਮਹਿਸੂਸ ਕਰਦਾ ਹੈ, ਨੂੰ ਚੁੱਪ ਦੇ ਨਾਂ ਨਾਲ ਜਾਣਿਆ ਜਾਂਦਾ ਹੈ। ਇਹ ਇੱਕ ਅਜਿਹਾ ਵਰਦਾਨ ਹੈ ਜਿਸ ਨਾਲ ਮਨੁੱਖ ਵਿੱਚ ਸਬਰ, ਸੰਤੋਖ, ਸੰਜਮ ਅਤੇ ਸਹਿਣਸ਼ੀਲਤਾ ਵਰਗੇ ਗੁਣ ਪੈਦਾ ਹੋ ਜਾਂਦੇ ਹਨ ਜੋ ਮਨੁੱਖ ਨੂੰ ਜ਼ਿੰਦਗੀ ਦੇ ਹਰ ਮੁਕਾਮ 'ਤੇ ਜਿੱਤ ਹਾਸਲ ਕਰਨ ਵਿੱਚ ਸਹਾਈ ਹੁੰਦੇ ਹਨ। ਚੁੱਪ, ਮਨੁੱਖ ਨੂੰ ਕੁਦਰਤ ਦੇ ਨੇੜੇ ਲੈ ਕੇ ਜਾਣ ਦਾ ਸਾਧਨ ਹੈ। ਚੁੱਪ ਦਾ ਅਰਥ ਹੈ ਢੁੱਕਵੇਂ ਅਤੇ ਅਰਥ ਭਰਪੂਰ ਸ਼ਬਦਾਂ ਦੀ ਵਰਤੋਂ ਕਰਨਾ। ਚੁੱਪ ਰਹਿਣਾ ਆਪਣੇ ਆਪ ਵਿੱਚ ਇੱਕ ਸ਼ਕਤੀਸ਼ਾਲੀ ਤੇ ਪ੍ਰਭਾਵਸ਼ਾਲੀ ਹਥਿਆਰ ਹੈ ਜਿਸ ਦੀ ਵਰਤੋਂ ਨਾਲ ਵਿਅਕਤੀ ਦੀ ਸਹਿਣਸ਼ਕਤੀ ਅਤੇ ਫ਼ੈਸਲੇ ਲੈਣ ਦੀ ਸਮਰੱਥਾ ਜ਼ਿਆਦਾ ਹੋ ਜਾਂਦੀ ਹੈ। ਚੁੱਪ ਰਹਿਣ ਨਾਲ ਵਿਅਕਤੀ ਆਪਣੇ ਆਪ ਨੂੰ ਜ਼ਿਆਦਾ ਊਰਜਾਵਾਨ ਮਹਿਸੂਸ ਕਰਦਾ ਹੈ ਕਿਉਂਕਿ ਵਧ ਬੋਲਣ ਨਾਲ ਜਿੰਨੀ ਊਰਜਾ ਖ਼ਰਚ ਹੁੰਦੀ ਹੈ, ਘੱਟ ਬੋਲਣ ਜਾਂ ਚੁੱਪ ਰਹਿਣ ਨਾਲ ਊਰਜਾ ਉਸ ਤੋਂ ਘੱਟ ਖ਼ਰਚ ਹੁੰਦੀ ਹੈ। ਇਸ ਤਰ੍ਹਾਂ ਬਚੀ ਊਰਜਾ ਨਾਲ ਸਰੀਰਕ ਅੰਗ ਇੱਕਸੁਰ ਹੋ ਜਾਂਦੇ ਹਨ। ਉਸ ਦਾ ਸੋਚਣ ਦਾ ਦਾਇਰਾ ਵਿਸ਼ਾਲ ਹੋ ਜਾਂਦਾ ਹੈ ਜਿਸ ਨਾਲ ਵਿਅਕਤੀ ਵਿੱਚ ਸਾਕਾਰਾਤਮਕ ਵਿਚਾਰ ਜਨਮ ਲੈਣ ਲੱਗਦੇ ਹਨ। ਹਲੀਮੀ ਆਪਣੇ ਆਪ ਹੀ ਉਸ ਵਿਅਕਤੀ ਦੇ ਅੰਦਰ ਆਲ੍ਹਣਾ ਪਾ ਲੈਂਦੀ ਹੈ। ਘੱਟ ਬੋਲਣਾ ਜਿੱਥੇ ਵਿਅਕਤੀ ਦੀ ਸਿਆਣਪ ਨੂੰ ਦਰਸਾਉਂਦਾ ਹੈ, ਉੱਥੇ ਵਧ ਬੋਲਣ ਅਤੇ ਮੂੰਹਫੱਟ ਲੋਕਾਂ ਦਾ ਆਪਣੇ ਆਲੇ-ਦੁਆਲੇ ਦੇ ਲੋਕਾਂ ਵਿੱਚ ਬਹੁਤਾ ਪ੍ਰਭਾਵ ਨਹੀਂ ਹੁੰਦਾ ਕਿਉਂਕਿ ਆਪਣੀ ਗੱਲਬਾਤ ਵਿੱਚ ਉਨ੍ਹਾਂ ਦਾ ਤਰਕ ਜ਼ਿਆਦਾ ਅਸਰਦਾਰ ਨਹੀਂ ਹੁੰਦਾ।

ਚੁੱਪ ਰਹਿਣ ਜਾਂ ਘੱਟ ਬੋਲਣ ਵਾਲੇ ਵਿਅਕਤੀਆਂ ਦੇ ਰਿਸ਼ਤੇ ਵੀ ਹੰਢਣਸਾਰ ਹੁੰਦੇ ਹਨ। ਬੜਬੋਲਾਪਣ ਕਈ ਵਾਰ ਝਗੜਿਆਂ ਦਾ ਕਾਰਨ ਬਣ ਜਾਂਦਾ ਹੈ। ਜ਼ਿਆਦਾ ਬੋਲਣ ਵਾਲੇ ਕਈ ਵਾਰ ਮਾੜੇ ਬੋਲਾਂ ਦੁਆਰਾ ਆਪਣੇ ਅੰਦਰ ਜ਼ਹਿਰ ਘੋਲ ਲੈਂਦੇ ਹਨ ਜਿਸ ਨਾਲ ਵਿਅਕਤੀਆਂ ਵਿੱਚ ਗੁੱਸੇ ਅਤੇ ਕਰੋਧ ਦੀ ਭਾਵਨਾ ਪੈਦਾ ਹੁੰਦੀ ਹੈ ਜੋ ਰਿਸ਼ਤਿਆਂ ਵਿੱਚ ਤਰੇੜਾਂ ਦਾ ਕਾਰਨ ਬਣਦੀ ਹੈ। ਕਾਮਯਾਬ ਵਿਅਕਤੀ ਆਪਣੇ ਚਿਹਰੇ 'ਤੇ ਕੇਵਲ ਦੋ ਹੀ ਚੀਜ਼ਾਂ ਰੱਖਦੇ ਹਨ ਮੁਸਕਰਾਹਟ ਅਤੇ ਖਾਮੋਸ਼ੀ। ਮੁਸਕਰਾਹਟ ਮਸਲਿਆਂ ਦੇ ਹੱਲ ਕਰਨ ਲਈ ਅਤੇ ਖਾਮੋਸ਼ੀ ਮਸਲਿਆਂ ਤੋਂ ਦੂਰ ਰਹਿਣ ਲਈ। ਕੋਈ ਕਿੰਨਾ ਵੀ



ਤੁਹਾਡੇ ਨਾਲ ਬੁਰਾ ਸਲੂਕ ਕਰੇ, ਕਦੇ ਵੀ ਉਸ ਦੇ ਪੱਧਰ 'ਤੇ ਜਾਣ ਦੀ ਕੋਸ਼ਿਸ਼ ਨਾ ਕਰੋ। ਚੁੱਪ ਰਹਿ ਕੇ ਮਜ਼ਬੂਤ ਬਣੋ ਅਤੇ ਉੱਥੋਂ ਚਲੇ ਜਾਓ। ਝਗੜਿਆਂ ਵੇਲੇ ਚੁੱਪ ਰਹਿਣ ਦੀ ਕੋਸ਼ਿਸ਼ ਕਰੋ, ਖ਼ਾਸ ਕਰਕੇ ਜਦੋਂ ਦੂਸਰਾ ਬਹੁਤ ਜ਼ਿਆਦਾ ਗੁੱਸੇ ਵਿੱਚ ਹੋਵੇ। ਚੁੱਪ ਰਹਿ ਕੇ ਜੋ ਕਿਹਾ ਜਾ ਸਕਦਾ ਹੈ, ਉਹ ਸ਼ਬਦਾਂ ਨਾਲ ਨਹੀਂ। ਜ਼ਿੰਦਗੀ ਕਦੇ ਵੀ ਆਸਾਨ ਨਹੀਂ ਹੁੰਦੀ, ਇਸ ਨੂੰ ਆਸਾਨ ਬਣਾਉਣਾ ਪੈਂਦਾ ਹੈ, ਕੁਝ ਨਜ਼ਰਅੰਦਾਜ਼ ਕਰਕੇ ਅਤੇ ਕੁਝ ਬਰਦਾਸ਼ਤ ਕਰਕੇ। ਜਦੋਂ ਕੋਈ ਦਿਲ ਦੁਖਾਏ ਤਾਂ ਚੁੱਪ ਰਹਿਣਾ ਹੀ ਬਿਹਤਰ ਹੁੰਦਾ ਹੈ ਕਿਉਂਕਿ ਜਿਨ੍ਹਾਂ ਨੂੰ ਅਸੀਂ ਜਵਾਬ ਨਹੀਂ ਦਿੰਦੇ, ਉਨ੍ਹਾਂ ਨੂੰ ਵਕਤ ਜਵਾਬ ਦਿੰਦਾ ਹੈ।

ਚੁੱਪ ਨੂੰ ਸੁੱਖ ਅਤੇ ਸ਼ਾਂਤੀ ਪ੍ਰਾਪਤੀ ਦਾ ਜ਼ਰੀਆ ਕਹਿੰਦੇ ਹਨ। ਚੁੱਪ ਅਤੇ ਇਕਾਂਤ ਆਤਮਾ ਦੇ ਸਰਵੋਤਮ ਮਿੱਤਰ ਹੁੰਦੇ ਹਨ। ਸਰੀਰਕ ਤੰਦਰੁਸਤੀ ਪੱਖੋਂ ਵੀ ਚੁੱਪ ਦੀ ਭਰਪੂਰ ਮਹਿਮਾ ਹੈ। ਮਨੁੱਖੀ ਮਨ ਦੀ ਉਦਾਸੀ ਅਤੇ ਤਣਾਅ ਨੂੰ ਦੂਰ ਕਰਕੇ ਹਲਕਾ-ਫੁਲਕਾ ਕਰਨ ਦੀ ਸਮਰੱਥਾ ਵੀ ਚੁੱਪ ਵਿੱਚ ਹੀ ਹੁੰਦੀ ਹੈ। ਅੰਤਰ ਮਨਾਂ ਨੂੰ ਘੋਖਣਾ, ਔਕੜਾਂ, ਮੁਸੀਬਤਾਂ ਵਿੱਚੋਂ ਗੁਜ਼ਰ ਕੇ ਰੂਹਾਂ ਦਾ ਅਨੁਭਵ ਕਰਨਾ ਜ਼ਿੰਦਗੀ ਦਾ ਅਸਲੀ ਅਮਲ ਹੈ ਜੋ ਚੁੱਪ ਰਹਿਣ ਜਾਂ ਘੱਟ ਬੋਲਣ ਨਾਲ ਹੀ ਸੰਭਵ ਹੈ। ਇਸ ਤਰ੍ਹਾਂ ਰੂਹ ਖਿੜੀ ਰਹਿੰਦੀ ਹੈ ਜੋ ਕਿਸੇ ਵੀ ਪ੍ਰਾਪਤੀ ਤੋਂ ਘੱਟ ਨਹੀਂ। ਜੇਕਰ ਮਨ 'ਚ ਖ਼ੁਸ਼ੀ ਤੇ ਉਤਸ਼ਾਹ ਹੋਵੇ ਤਾਂ ਹੀ ਪਸੰਦੀਦਾ ਟੀਚਾ ਪ੍ਰਾਪਤ ਕਰਨ ਦਾ ਰਾਹ ਆਸਾਨ ਹੁੰਦਾ ਹੈ। ਆਦਮੀ ਦਾ ਮਨੋਬਲ ਵਧਦਾ ਹੈ ਅਤੇ ਉਹ ਹਾਰਾਂ ਤੋਂ ਨਹੀਂ ਘਬਰਾਉਂਦਾ ਤੇ ਨਾ ਹੀ ਹਾਰਦਾ ਹੈ। ਮਨੁੱਖ ਦੇ ਦਿਮਾਗ਼ ਵਿਚ ਨਵੇਂ ਅਤੇ ਸ਼ੁੱਧ ਵਿਚਾਰ ਵੀ ਕੇਵਲ ਉਦੋਂ ਹੀ ਜਨਮ ਲੈਣ ਲੱਗਦੇ ਹਨ, ਜਦੋਂ ਅਸੀਂ ਚੁੱਪ ਰਹਿ ਕੇ ਇਕਾਗਰ ਮਨ ਨਾਲ ਸੋਚੀਏ। ਪਤੀ-ਪਤਨੀ ਦੇ ਰਿਸ਼ਤੇ ਦੀ ਇਮਾਰਤ ਨੂੰ ਵੀ ਚੁੱਪ ਵਰਗੇ ਗੁਣ ਦੀ ਵਰਤੋਂ ਨਾਲ ਹੀ ਮਜ਼ਬੂਤ ਰੱਖਿਆ ਜਾ ਸਕਦਾ ਹੈ। ਦੋਵਾਂ ਵਿੱਚ ਕਈ ਮੁੱਦਿਆਂ 'ਤੇ ਅਕਸਰ ਕਈ ਵਾਰ ਆਪਸੀ ਤਕਰਾਰ ਹੋ ਜਾਂਦੀ ਹੈ ਜੋ ਕਈ ਵਾਰ ਉਨ੍ਹਾਂ ਦੀ ਅਣਬਣ ਦਾ ਕਾਰਨ ਵੀ ਬਣ ਜਾਂਦੀ ਹੈ। ਅਜਿਹੇ ਮੌਕਿਆਂ 'ਤੇ ਜੇਕਰ ਉਨ੍ਹਾਂ ਵਿੱਚੋਂ ਇੱਕ ਥੋੜ੍ਹਾ ਜਿਹਾ ਚੁੱਪ ਰਹਿ ਜਾਵੇ ਤਾਂ ਉਹੀ ਰਿਸ਼ਤਾ ਸਦੀਵੀ ਹੰਢਣਸਾਰ ਬਣਿਆ ਰਹਿੰਦਾ ਹੈ। ਚੁੱਪ ਰਹਿਣ ਨਾਲ ਮਨੁੱਖ ਦੇ ਅੰਦਰ ਚੰਗੇ ਬੋਲ ਜਮ੍ਹਾਂ ਹੁੰਦੇ ਰਹਿੰਦੇ ਹਨ। ਇੱਕ ਅਰਥਪੂਰਨ ਚੁੱਪ ਅਨੇਕਾਂ ਅਰਥਹੀਣ ਬੋਲਾਂ ਤੋਂ ਕਿਤੇ ਚੰਗੀ ਹੁੰਦੀ ਹੈ। ਅਜੋਕੇ ਮਾਹੌਲ ਵਿੱਚ ਬੱਚਿਆਂ ਅਤੇ ਮਾਪਿਆਂ ਵਿੱਚ ਵਿਚਾਰਾਂ ਦਾ ਟਕਰਾ ਹੋ ਜਾਂਦਾ ਹੈ ਕਿਉਂਕਿ ਬੱਚੇ ਨਵੀਂ ਪੀੜ੍ਹੀ ਦੇ ਵਿਚਾਰਾਂ ਦੇ ਨਾਲ ਚੱਲਣ ਦੀ ਜ਼ਿੱਦ ਕਰਦੇ ਹਨ। ਇਸ ਲਈ ਅਜਿਹੇ ਮੌਕਿਆਂ 'ਤੇ ਚੁੱਪ ਦੇ ਮੰਤਰ ਦੀ ਵਰਤੋਂ ਕਰੋ। ਇਸ ਦਾ ਮਤਲਬ ਇਹ ਵੀ ਨਹੀਂ ਹੈ ਕਿ ਉੱਕਾ ਹੀ ਨਾ ਬੋਲਿਆ ਜਾਵੇ। ਉਚਿਤ ਸਮੇਂ 'ਤੇ ਨਾ ਬੋਲਣ ਵਾਲਾ ਝੂਠਾ ਅਤੇ ਕਮਜ਼ੋਰ ਸਾਬਤ ਹੁੰਦਾ ਹੈ। ਆਪਣੇ ਹੱਕ, ਆਤਮ-ਸਨਮਾਨ ਅਤੇ ਦੂਸਰਿਆਂ ਦੀ ਭਲਾਈ ਲਈ ਤਰਕ ਨਾਲ ਆਵਾਜ਼ ਬੁਲੰਦ ਕਰਨੀ ਚਾਹੀਦੀ ਹੈ ਤਾਂ ਹੀ ਸਨਮਾਨਜਨਕ ਜ਼ਿੰਦਗੀ ਬਤੀਤ ਕੀਤੀ ਜਾ ਸਕਦੀ ਹੈ।

**—ਕੈਲਾਸ਼ ਚੰਦਰ ਸ਼ਰਮਾ**



# ਹੋਣਹਾਰ ਦਲਿਤ ਬੇਟੀ ਡਾ. ਪਾਂਪੋਸ਼ ਦੀ ਮੌਤ ਖੜੇ ਕਰ ਗਈ ਵੱਡੇ ਸਵਾਲ...



ਜ਼ਾਹਿਦਾ ਸੁਲੇਮਾਨ

ਨਾਮ ਉਸ ਦਾ ਡਾ. ਪਾਂਪੋਸ਼ ਸੀ। ਉਹ ਜਲੰਧਰ ਦੀ ਰਹਿਣ ਵਾਲੀ ਸੀ। ਉਹ ਸ੍ਰੀ ਗੁਰੂ ਰਾਮ ਦਾਸ ਇੰਸਟੀਚਿਊਟ ਆਫ਼ ਮੈਡੀਕਲ ਸਾਇੰਸ ਐਂਡ ਰੀਸਰਚ, ਅੰਮ੍ਰਿਤਸਰ ਵਿਚ ਡਾਕਟਰੀ ਪੂਰੀ ਕਰਨ ਤੋਂ ਬਾਅਦ ਅਪਣੀ ਇਨਟਰਨਸ਼ਿਪ ਪੂਰੀ ਕਰ ਰਹੀ ਸੀ। ਇਸ ਤੋਂ ਪਹਿਲਾਂ ਕਿ ਉਹ ਅਪਣੀ ਡਾਕਟਰੀ ਮੁਕੰਮਲ ਕਰਕੇ ਮਨੁੱਖਤਾ ਦੀ ਸੇਵਾ ਕਰਦੀ, ਉਸ ਨੂੰ ਅਪਣੀ ਹੀ ਜ਼ਿੰਦਗੀ ਸਮਾਪਤ ਕਰਨੀ ਪਈ। ਉਹ ਉਪਰਲੇ ਸਮਾਜ ਵਿਚ ਰਹਿੰਦਿਆਂ, ਇਸ ਸਮਾਜ ਦੀ ਅਜਿਹੀ ਹੇਠਲੇ ਦਰਜੇ ਦੀ ਮਾਨਸਿਕਤਾ ਨੋਟ ਕਰ ਗਈ ਕਿ ਉਸ ਨੇ ਦੁਨੀਆ ਹੀ ਤਿਆਗ ਦਿੱਤੀ। ਅਖ਼ੀਰ ਉਸ ਦੀ ਲਾਸ਼ ਹੋਟਲ ਵਿਚ ਪੱਖੇ ਨਾਲ ਲਟਕਦੀ ਮਿਲੀ। ਉਸ ਦਾ ਕਸੂਰ ਇਹ ਸੀ ਕਿ ਉਹ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੀ ਸੀ। ਸਮਾਜ ਵਿਚਲੇ ਉੱਚ ਜਾਤੀਏ ਮਨੁੱਖਾਂ ਨੇ ਉਸ ਨੂੰ ਇਸ ਹੱਦ ਤਕ ਜਾਤੀ ਸੂਚਕ ਲਫ਼ਜ਼ ਬੋਲੇ ਕਿ ਉਹ ਅਪਣੀ ਇੱਜ਼ਤ, ਗ਼ੈਰਤ ਅਤੇ ਅਣਖ਼ ਦਾ ਸਨਮਾਨ ਰੱਖਣ ਇਹ ਦੁਨੀਅ ਤਿਆਗ ਕੇ ਉੱਚ ਜਾਤੀਏ ਸਮਾਜ ਦੇ ਮੂੰਹ ਉਪਰ ਚਪੇੜ ਮਾਰ ਗਈ। ਸੁਣਿਆ, ਉਹ ਇਨਸਾਨੀਅਤ ਨੂੰ ਪਿਆਰ ਕਰਨ ਵਾਲੀ 26 ਸਾਲ ਦੀ ਬਹੁਤ ਹੀ ਹੋਣਹਾਰ ਲੜਕੀ ਸੀ। ਮਨੁੱਖਤਾ ਦੀ ਸੇਵਾ ਉਸ ਦਾ ਪਹਿਲਾ ਸੁਫ਼ਨਾ ਸੀ। ਜਾਤੀ ਬਾਰੇ ਤਾਹਨੇ-ਮਿਹਣੇ ਉਸ ਦੇ ਦਿਲੋ-ਦਿਮਾਗ਼ ਵਿਚ ਕਿਸੇ ਤੇਜ਼ ਤੇ ਤਿੱਖੀ ਚੀਜ਼ ਵਾਂਗ ਚੁੱਭੇ ਤੇ ਅਖ਼ੀਰ ਉਹ ਇਸ ਸਮਾਜਕ ਵਿੱਤਕਰੇ ਅੱਗੇ ਹਾਰ ਗਈ।




ਮਾਪਿਆਂ ਨੇ ਬਚਪਨ ਤੋਂ ਹੀ ਉਸ ਨੂੰ ਬਹੁਤ ਮਿਹਨਤ ਕਰਕੇ ਪੜ੍ਹਾਇਆ ਅਤੇ ਪੰਜਾਬ ਦੇ ਸਭ ਤੋਂ ਮਹਿੰਗੇ ਮੈਡੀਕਲ ਕਾਲਜ ਵਿਚ ਦਾਖ਼ਲਾ ਹੋਣ ਦੇ ਬਾਵਜੂਦ, ਅਪਣੀ ਮਿਹਨਤ ਦੀ ਕਮਾਈ ਪਾਣੀ ਵਾਂਗ ਉਸ ਉਪਰ ਕੁਰਬਾਨ ਕਰ ਦਿਤੀ। ਗ਼ਰੀਬਾਂ, ਮਜ਼ਲੂਮਾਂ ਅਤੇ ਕਿਰਤੀਆਂ ਦੀ ਸਰਕਾਰ ਹੋਣ ਦਾ ਦਮ ਭਰਨ ਵਾਲੇ ਪੰਜਾਬ ਦੇ ਮੁੱਖ ਮੰਤਰੀ ਨੇ ਕਤਲ ਬਾਰੇ ਹਾਲੇ ਤਕ ਇਕ ਲਫ਼ਜ਼ ਤਕ ਨਹੀਂ ਬੋਲਿਆ। ਉਸ ਨੂੰ ਕੋਈ ਦੱਸੇ ਕਿ ਤੁਹਾਡੀਆਂ ਸਰਕਾਰੀ ਕੁਰਸੀਆਂ ਪਿੱਛੇ ਜਿਸ ਅੰਬੇਦਕਰ ਦੀ ਤਸਵੀਰ ਲੱਗੀ ਹੋਈ ਹੈ, ਉਸੇ ਅੰਬੇਦਕਰ ਦੀ ਇਕ ਧੀ ਦਾ ਪੰਜਾਬ ਵਿਚ ਜ਼ਹਿਨੀ ਅਤੇ ਜਿਸਮਾਨੀ ਕਤਲ ਕਰ ਦਿਤਾ ਗਿਆ। ਪੰਜਾਬ ਵਿਧਾਨ ਵਿਚ ਸਭਾ ਵਿਚ 30 ਤੋਂ ਜ਼ਿਆਦਾ ਵਿਧਾਇਕ ਅਨੁਸੂਚਿਤ ਜਾਤੀ ਨਾਲ ਸਬੰਧ ਰੱਖਦੇ ਹਨ ਪਰ ਸ਼ਾਇਦ ਕੋਈ ਵਿਰਲਾ ਹੀ ਹੋਵੇਗਾ ਜਿਸ ਨੂੰ ਇਸ ਘਟਨਾ ਦਾ ਇਲਮ ਵੀ ਹੋਵੇ, ਸਾਰੇ ਸਿਰੇ ਦੀ ਇਸ ਕਰੋਪੀ ਤੋਂ ਨਾਵਾਕਿਫ਼ ਹਨ। ਕਾਂਗਰਸ ਜਿਹੜੀ ਚਰਨਜੀਤ ਸਿੰਘ ਚੰਨੀ ਨੂੰ ਮੁੱਖ ਮੰਤਰੀ ਬਣਾ ਕੇ ਦਲਿਤ ਪੱਖੀ ਹੋਣ ਦਾ ਢੋਂਗ ਕਰ ਰਹੀ ਸੀ, ਬਾਜਵਾ ਨੂੰ ਛੱਡ ਕੇ ਉਸ ਦੇ ਵੀ ਕਿਸੇ ਵਿਧਾਇਕ ਜਾਂ ਨੇਤਾ ਦਾ ਕੋਈ ਬਿਆਨ ਨਹੀਂ ਆਇਆ। ਅਨੁਸੂਚਿਤ ਜਾਤਾਂ ਬਾਰੇ ਕੌਮੀ ਕਮਿਸ਼ਨ, ਪੰਜਾਬ ਦਾ ਅਨੁਸੂਚਿਤ ਜਾਤਾਂ ਬਾਰੇ ਕਮਿਸ਼ਨ ਅਤੇ ਹੋਰ ਅਨੇਕਾਂ ਇਸ ਵਰਗ ਲਈ ਕੰਮ ਕਰਨ ਦਾ ਦਮ ਭਰਨ ਵਾਲੀਆਂ ਸੰਸਥਾਵਾਂ ਡਾ. ਪਾਂਪੋਸ਼ ਦੇ ਮਾਮਲੇ ਵਿਚ ਅੱਖਾਂ ਮੀਟੀ ਬੈਠੀਆਂ ਹਨ। ਇੰਝ ਜਾਪਦਾ ਹੈ ਜਿਵੇਂ ਕੁੱਝ ਹੋਇਆ ਹੀ ਨਹੀਂ ਜਦਕਿ ਪੰਜਾਬ ਦੀ ਵੱਡੀ ਮੈਡੀਕਲ ਸੰਸਥਾ ਵਿਚ ਦਲਿਤ ਬੱਚਿਆਂ ਨਾਲ ਵਿੱਤਕਰਾ ਹੋ ਜਾਣ ਦੀ ਘਟਨਾ, ਹਿਰਦੇ ਵਲੂੰਧਰਣ ਵਾਲੀ ਹੈ। ਡਾਕਟਰ ਸਭ ਤੋਂ ਵੱਧ ਪੜ੍ਹੇ-ਲਿਖੇ ਮੰਨੇ ਜਾਂਦੇ ਹਨ। ਡਾਕਟਰ ਬਣਨ ਤੋਂ ਪਹਿਲਾਂ ਡਾਕਟਰਾਂ ਨੂੰ ਇਨਸਾਨਾਂ ਨਾਲ ਵਿੱਤਕਰਾ ਨਾ ਕਰਨ ਦੀ ਸਹੁੰ ਚੁਕਾਈ ਜਾਂਦੀ ਹੈ। ਕਿਥੇ ਗਈ ਹੁਣ ਡਾਕਟਰਾਂ ਦੀ ਸਹੁੰ? ਜਿਹੜੇ ਡਾਕਟਰਾਂ ਦੇ ਦਿਮਾਗ਼ ਜਾਤੀਵਾਦ ਦੇ ਗੰਦ ਨਾਲ ਭਰੇ ਹੋਏ ਹਨ, ਉਹ ਆਮ ਤੇ ਸਾਧਾਰਣ ਜਿਹੇ ਮਰੀਜ਼ਾਂ ਦੀਆਂ ਜ਼ਿੰਦਗੀਆਂ ਨਾਲ ਕਿਸ ਹੱਦ ਤਕ ਖਿਲਵਾੜ ਕਰਦੇ ਹੋਣਗੇ, ਇਸ ਘਟਨਾ ਤੋਂ ਸਪੱਸ਼ਟ ਹੋ ਜਾਂਦਾ ਹੈ। ਪੁਲਿਸ ਨੇ ਜਿਹੜੇ 10 ਲੋਕਾਂ ਨੂੰ ਐਸ.ਸੀ./ਐਸ.ਟੀ. ਐਕਟ ਅਧੀਨ ਨਾਮਜ਼ਦ ਕੀਤਾ ਹੈ, ਉਨ੍ਹਾਂ ਦੇ ਨਾਮ ਡਾ. ਪ੍ਰਤੀਭਾ, ਡਾ. ਬੀਰ ਦਵਿੰਦਰ ਸਿੰਘ, ਡਾ. ਮਨਜੀਤ ਸਿੰਘ ਉਪਲ, ਪ੍ਰੋਫ਼ਸਰ ਸਵਾਤੀ, ਗਗਨਦੀਪ ਕੌਰ, ਡਾ. ਪ੍ਰਭੀਮੱਤ, ਪ੍ਰਿਯੰਕਾ, ਕਰਨਬੀਰ ਸਿੰਘ, ਡਾ. ਪਿਊਸ਼ ਅਤੇ ਜਿੰਮੀ ਦੱਸੇ ਗਏ ਹਨ। ਅਸਫ਼ੋਸ ਇਸ ਗੱਲ ਦਾ ਵੀ ਹੈ ਕਿ ਪੁਲਿਸ ਨੇ ਸਿਰਫ਼ ਐਸ.ਸੀ./ਐਸ.ਟੀ ਐਕਟ ਅਧੀਨ ਪਰਚਾ ਦਰਜ ਕੀਤਾ ਹੈ ਜਦਕਿ ਹੱਤਿਆ ਦਾ ਮਾਮਲਾ ਦਰਜ ਕੀਤਾ ਜਾਣਾ ਚਾਹੀਦਾ ਹੈ। ਮੈਂ ਨਿਜੀ ਤੌਰ ਉਪਰ ਡਾ. ਪਾਂਪੋਸ਼ ਨਾਲ ਜੋ ਵਾਪਰਿਆ ਹੈ, ਉਸ ਬਾਰੇ ਅਫ਼ਸੋਸ ਪ੍ਰਗਟ ਕਰਦੀ ਹੋਈ ਇਨਸਾਨੀਅਤ ਦੇ ਠੇਕੇਦਾਰਾਂ ਨੂੰ ਲਾਹਨਤਾਂ ਭੇਜਦੀ ਹਾਂ। ਮੇਰੇ ਦੇਸ਼ ਦੀ ਇਕ ਹੋਣਹਾਰ ਧੀ, ਮਨੁੱਖੀ ਵਤੀਰੇ ਤੋਂ ਤੰਗ ਹੋ ਕੇ ਸਾਨੂੰ ਅਲਵਿਦਾ ਆਖ ਗਈ। ਇਸ ਗੱਲ ਦਾ ਅਫ਼ਸੋਸ ਹਮੇਸ਼ਾ ਰਹੇਗਾ। ਉਸ ਦੇ ਪਰਵਾਰ ਨੂੰ ਇਨਸਾਫ਼ ਮਿਲਣਾ ਚਾਹੀਦਾ ਹੈ। ਪਰਵਾਰ ਨੂੰ ਮੁਆਵਜ਼ਾ ਅਤੇ ਸਰਕਾਰੀ ਨੌਕਰੀ ਦਿਤੀ ਜਾਣੀ ਚਾਹੀਦੀ ਹੈ ਅਤੇ ਜਗ੍ਹਾ-ਜਗ੍ਹਾ ਸੋਗ ਸਭਾਵਾਂ ਅਤੇ ਸੋਗ ਮਤੇ ਪਾਸ ਕੀਤੇ ਜਾਣੇ ਚਾਹੀਦੇ ਹਨ ਤਾਕਿ ਭਵਿੱਖ ਵਿਚ ਸਾਡੇ ਬੱਚਿਆਂ ਨੂੰ ਅਜਿਹਾ ਕਦਮ ਨਾ ਚੁੱਕਣਾ ਪਵੇਗ।

**ਉਹ ਇਨਸਾਨੀਅਤ ਨੂੰ ਪਿਆਰ ਕਰਨ ਵਾਲੀ 26 ਸਾਲ ਦੀ ਬਹੁਤ ਹੀ ਹੋਣਹਾਰ ਲੜਕੀ ਸੀ। ਮਨੁੱਖਤਾ ਦੀ ਸੇਵਾ ਉਸ ਦਾ ਪਹਿਲਾ ਸੁਫ਼ਨਾ ਸੀ। ਜਾਤੀ ਬਾਰੇ ਤਾਹਨੇ-ਮਿਹਣੇ ਉਸ ਦੇ ਦਿਲੋ-ਦਿਮਾਗ਼ ਵਿਚ ਕਿਸੇ ਤੇਜ਼ ਤੇ ਤਿੱਖੀ ਚੀਜ਼ ਵਾਂਗ ਚੁੱਭੇ ਤੇ ਅਖ਼ੀਰ ਉਹ ਇਸ ਸਮਾਜਕ ਵਿੱਤਕਰੇ ਅੱਗੇ ਹਾਰ ਗਈ। ਮਾਪਿਆਂ ਨੇ ਬਚਪਨ ਤੋਂ ਹੀ ਉਸ ਨੂੰ ਬਹੁਤ ਮਿਹਨਤ ਕਰਕੇ ਪੜ੍ਹਾਇਆ ਅਤੇ ਪੰਜਾਬ ਦੇ ਸਭ ਤੋਂ ਮਹਿੰਗੇ ਮੈਡੀਕਲ ਕਾਲਜ ਵਿਚ ਦਾਖ਼ਲਾ ਹੋਣ ਦੇ ਬਾਵਜੂਦ, ਅਪਣੀ ਮਿਹਨਤ ਦੀ ਕਮਾਈ ਪਾਣੀ ਵਾਂਗ ਉਸ ਉਪਰ ਕੁਰਬਾਨ ਕਰ ਦਿਤੀ। ਗ਼ਰੀਬਾਂ, ਮਜ਼ਲੂਮਾਂ ਅਤੇ ਕਿਰਤੀਆਂ ਦੀ ਸਰਕਾਰ ਹੋਣ ਦਾ ਦਮ ਭਰਨ ਵਾਲੇ ਪੰਜਾਬ ਦੇ ਮੁੱਖ ਮੰਤਰੀ ਨੇ ਕਤਲ ਬਾਰੇ ਹਾਲੇ ਤਕ ਇਕ ਲਫ਼ਜ਼ ਤਕ ਨਹੀਂ ਬੋਲਿਆ।**








# ਪਾਸ਼ ਦੀਆਂ ਕਵਿਤਾਵਾਂ

**ਪਾਸ਼ ਆਧੁਨਿਕ ਦੌਰ ਦਾ ਅਜਿਹਾ ਪ੍ਰਤਿਭਾਵਾਨ ਕਵੀ ਸੀ ਜੋ ਆਪਣੀ ਵਿਲੱਖਣਤਾ ਸਦਕਾ ਪੰਜਾਬੀ ਕਾਵਿ-ਜਗਤ ਵਿੱਚ ਆਪਣੀ ਨਿਵੇਕਲੀ ਪਛਾਣ ਸਥਾਪਤ ਕਰ ਗਿਆ। 1970 ਵਿਆਂ ਵਿੱਚ ਸਮਕਾਲੀਆਂ ਅਤੇ ਬਾਅਦ ਦੀਆਂ ਪੀੜ੍ਹੀਆਂ ਦੇ ਕਵੀਆਂ 'ਤੇ ਉਸ ਦਾ ਵਿਆਪਕ ਪ੍ਰਭਾਵ ਪਿਆ। ਇਸ ਇਨਕਲਾਬੀ ਕਵੀ ਨੇ ਆਪਣੇ ਜਾਦੂਮਈ ਖਰਵੇ ਮੁਹਾਵਰੇ ਅਤੇ ਬਿੰਬ ਵਿਧਾਨ ਰਾਹੀਂ ਪੰਜਾਬੀ ਕਵਿਤਾ ਵਿੱਚ ਵੱਡੀ ਤਬਦੀਲੀ ਲਿਆਂਦੀ। ਤੇਈ ਮਾਰਚ 1988 ਨੂੰ ਪਾਸ਼ ਨੂੰ ਉਸ ਦੇ ਮਿੱਤਰ ਹੰਸ ਰਾਜ ਸਮੇਤ ਕਤਲ ਕਰ ਦਿੱਤਾ ਗਿਆ। ਉਸ ਦੀ ਮੌਤ ਤੋਂ 35 ਸਾਲ ਬਾਅਦ ਵੀ ਉਸ ਦੀ ਕਵਿਤਾ ਦਾ ਰੰਗ ਫਿੱਕਾ ਨਹੀਂ ਪਿਆ।**



## ਜੰਗ : ਕੁਝ ਪ੍ਰਭਾਵ

(1)
ਝੂਠ ਬੋਲਦੇ ਨੇ
ਇਹ ਜਹਾਜ਼ ਬੱਚਿਓ !
ਇਨ੍ਹਾਂ ਦਾ ਸੱਚ ਨਾ ਮੰਨਣਾ
ਤੁਸੀਂ ਖੇਡਦੇ ਰਹੇ
ਘਰ ਬਣਾਉਣ ਬਣਾਉਣ...

(2)
ਠੰਡਾ ਚੰਨ ਪਿਆ ਬਿਟ ਬਿਟ ਤੱਕੇ
ਧੁੰਦ 'ਚ ਉੱਤਰਦੀ ਹਵਾਈ-ਛਤਰੀ
ਡੋਰਾਂ 'ਚ ਫਸੀ ਹੋਈ ਲਾਸ਼
ਆਓ ਦੇਖੋ -
ਉਨ੍ਹਾਂ ਨੇ ਮੁੱਲ ਪਾਇਆ ਹੈ
ਪੋਹ ਦੀ ਚਾਨਣੀ ਦਾ
ਆਓ ਦੇਖੋ -
ਉਨ੍ਹਾਂ ਦੇ ਕੰਮ ਆਈ ਹੈ
ਗ਼ਰੀਬ ਦੀ ਜਵਾਨੀ...

(3)
ਰੇਡੀਓ ਨੂੰ ਆਖੋ
ਸਹੁੰ ਖਾ ਕੇ ਤਾਂ ਕਹੇ
ਧਰਤੀ ਜੇ ਮਾਂ ਹੁੰਦੀ ਤਾਂ ਕਿਸ ਦੀ ?
ਇਹ ਪਾਕਿਸਤਾਨੀਆਂ ਦੀ ਕੀ ਹੋਈ ?
ਤੇ ਭਾਰਤ ਵਾਲਿਆਂ ਦੀ ਕੀ ਲੱਗੀ ?

(4)
ਚੋਰੋ, ਵੇ ਚੋਰੋ !
ਆਪਣਾ ਮਾਲ ਵੰਡਣ ਲਈ
ਕਿਤੇ ਬਾਹਰ ਜਾ ਕੇ ਲੜੋ
ਜਾਗ ਹੀ ਨਾ ਉੱਠਣ ਮਤਾਂ ਘਰ ਵਾਲੇ
ਸੁਣਿਆ
ਬੁਰੀ ਹੁੰਦੀ ਹੈ ਵਾਹਰ ਦੀ ਕੁੱਟ...

(5)
ਉਹ ਰੇਡੀਓ ਨਹੀਂ ਸੁਣਦੇ
ਅਖ਼ਬਾਰਾਂ ਨਹੀਂ ਪੜ੍ਹਦੇ
ਜਹਾਜ਼ ਖੇਤਾਂ ਵਿਚ ਹੀ ਦੇ ਜਾਂਦੇ ਨੇ ਖ਼ਬਰ ਸਾਰ
ਮੁੰਨੇ ਨੂੰ ਮੁੱਠ ਵਿਚ ਘੁੱਟ ਕੇ
ਉਹ ਕੇਵਲ ਹੱਸ ਛੱਡਦੇ ਹਨ
ਕਿਉਂਕਿ ਉਹ ਸਮਝਦੇ ਹਨ
ਕਿ ਹਲ਼ ਦੀ ਵੇਲ ਕਮਲ਼ੀ ਨਹੀਂ
ਕਮਲ਼ੀ ਤਾਂ ਤੋਪ ਹੁੰਦੀ ਹੈ

(6)
ਅਸੀਂ ਹਨੇਰੀ ਨੁੱਕਰ ਦੇ ਵਿਚ
ਗੁੰਮ-ਸੁੰਮ ਬੈਠੇ ਸੋਚ ਰਹੇ ਹਾਂ
ਹੋਰ ਘੜੀ ਤਾਈਂ ਚੰਨ ਚੜ੍ਹੇਗਾ
ਭਰਿਆ ਭਰਿਆ
ਖ਼ੁੱਸਿਆ ਖ਼ੁੱਸਿਆ
ਤਾਂ ਬੱਚਿਆਂ ਨੂੰ ਆਖਾਂਗੇ
ਐਸ ਤਰ੍ਹਾਂ ਦਾ ਚੰਨ ਹੁੰਦਾ ਏ ?

## ਤੂੰ ਇਸ ਤਰ੍ਹਾਂ ਕਿਉਂ ਨਹੀਂ ਬਣ ਜਾਂਦੀ

ਜਿਦਾਂ ਮੂੰਹ-ਜ਼ੁਬਾਨੀ ਗੀਤ ਹੁੰਦੇ ਹਨ
ਹਰ ਵਾਰ ਤੈਨੂੰ ਫੱਟੀ ਵਾਂਗ ਲਿਖਣਾ ਕਿਉਂ ਪੈਂਦਾ ਹੈ
ਮੂੰਹ ਜ਼ੋਰ ਤ੍ਰਿਕਾਲਾਂ ਦੇ ਖੜਕੇ 'ਚੋਂ
ਤੇਰੇ ਬੋਲਾਂ ਨੂੰ ਨਿਤਾਰ ਸਕਣਾ ਬਹੁਤ ਔਖਾ ਹੈ
ਤੇਰੇ ਟੱਲੀ ਵਾਂਗ ਲਹਿਰਾਂ 'ਚ ਟੁੱਟਦੇ
ਸੰਖ ਦੀ ਆਵਾਜ਼ ਵਾਂਗ ਮੈਂ ਚਾਹੁੰਦਾ ਹਾਂ
ਤੂੰ ਡੁਬਦੇ ਸੂਰਜ ਦਾ ਗ਼ਮ ਵੰਡਾਵੇਂ
ਤੇ ਰੱਬ ਦੇ ਨਾਂ ਵਾਂਗ ਮੇਰੀ ਰੂਹ ਵਿਚ ਤਰਦੀ ਫਿਰੇਂ
ਦੇਖ ਮੈਂ ਤਾਰਿਆਂ ਦਾ ਸਾਹਮਣਾ ਕਰਨਾ ਹੈ
ਜਿਵੇਂ ਹਾਰਨ ਬਾਅਦ ਕੋਈ ਅਣਖੀ
ਵੈਰੀ ਦੀਆਂ ਅੱਖਾਂ 'ਚ ਤੱਕਦਾ ਹੈ
ਮੈਂ ਨਿੱਕੀ-ਨਿੱਕੀ ਲੋਅ ਵਿਚ
ਕਿਰ ਗਈ ਗਾਨੀ ਵਾਂਗ
ਟੋਹ ਟੋਹ ਕੇ ਆਪਣਾ ਆਪ ਲਭਣਾ ਹੈ।

## ਅਸੀਂ ਲੜਾਂਗੇ ਸਾਥੀ

ਅਸੀਂ ਲੜਾਂਗੇ ਸਾਥੀ, ਉਦਾਸ ਮੌਸਮ ਲਈ
ਅਸੀਂ ਲੜਾਂਗੇ ਸਾਥੀ, ਗ਼ੁਲਾਮ ਸੱਧਰਾਂ ਲਈ
ਅਸੀਂ ਚੁਣਾਂਗੇ ਸਾਥੀ, ਜ਼ਿੰਦਗੀ ਦੇ ਟੁਕੜੇ
ਹਥੌੜਾ ਹੁਣ ਵੀ ਚਲਦਾ ਹੈ, ਉਦਾਸ ਅਹਿਰਨ 'ਤੇ
ਸਿਆੜ ਹੁਣ ਵੀ ਵਗਦੇ ਨੇ, ਚੀਕਣੀ ਧਰਤੀ 'ਤੇ
ਇਹ ਕੰਮ ਸਾਡਾ ਨਹੀਂ ਬਣਦਾ ਸਵਾਲ ਨੱਚਦਾ ਹੈ
ਸਵਾਲ ਦੇ ਮੌਰਾਂ 'ਤੇ ਚੜ੍ਹ ਕੇ
ਅਸੀਂ ਲੜਾਂਗੇ ਸਾਥੀ
ਕਤਲ ਹੋਏ ਜਜ਼ਬਿਆਂ ਦੀ ਕਸਮ ਖਾ ਕੇ
ਬੁਝੀਆਂ ਹੋਈਆਂ ਨਜ਼ਰਾਂ ਦੀ ਕਸਮ ਖਾ ਕੇ
ਹੱਥਾਂ 'ਤੇ ਪਏ ਰੱਟਣਾਂ ਦੀ ਕਸਮ ਖਾ ਕੇ
ਅਸੀਂ ਲੜਾਂਗੇ ਸਾਥੀ
ਅਸੀਂ ਲੜਾਂਗੇ ਤਦ ਤਕ
ਕਿ ਵੀਰੂ ਬੱਕਰੀਆਂ ਵਾਲਾ ਜਦੋਂ ਤਕ
ਬੱਕਰੀਆਂ ਦਾ ਮੂਤ ਪੀਂਦਾ ਹੈ
ਖਿੜੇ ਹੋਏ ਸਰ੍ਹੋਂ ਦੇ ਫੁੱਲਾਂ ਨੂੰ
ਜਦੋਂ ਤਕ ਵਾਹੁਣ ਵਾਲੇ ਆਪ ਨਹੀਂ ਸੁੰਘਦੇ
ਕਿ ਸੁੱਜੀਆਂ ਅੱਖਾਂ ਵਾਲੀ
ਪਿੰਡ ਦੀ ਅਧਿਆਪਕਾ ਦਾ ਪਤੀ ਜਦੋਂ ਤਕ
ਜੰਗ 'ਚੋਂ ਪਰਤ ਨਹੀਂ ਆਉਂਦਾ
ਜਦੋਂ ਤਕ ਪੁਲਿਸ ਦੇ ਸਿਪਾਹੀ
ਆਪਣੇ ਹੀ ਭਰਾਵਾਂ ਦਾ ਗਲਾ ਘੁੱਟਣ ਤੇ ਬਾਧਕ ਹਨ
ਕਿ ਬਾਬੂ ਦਫ਼ਤਰਾਂ ਵਾਲੇ
ਜਦੋਂ ਤਕ ਲਹੂ ਦੇ ਨਾਲ ਹਰਫ਼ ਪਾਉਂਦੇ ਹਨ...
ਅਸੀਂ ਲੜਾਂਗੇ ਜਦ ਤਕ
ਦੁਨੀਆ 'ਚ ਲੜਨ ਦੀ ਲੋੜ ਬਾਕੀ ਹੈ...
ਜਦੋਂ ਬੰਦੂਕ ਨਾ ਹੋਈ, ਓਦੋਂ ਤਲਵਾਰ ਹੋਵੇਗੀ
ਜਦੋਂ ਤਲਵਾਰ ਨਾ ਹੋਈ, ਲੜਨ ਦੀ ਲਗਨ ਹੋਵੇਗੀ
ਲੜਨ ਦੀ ਜਾਚ ਨਾ ਹੋਈ, ਲੜਨ ਦੀ ਲੋੜ ਹੋਵੇਗੀ
ਤੇ ਅਸੀਂ ਲੜਾਂਗੇ ਸਾਥੀ...
ਅਸੀਂ ਲੜਾਂਗੇ
ਕਿ ਲੜਨ ਬਾਝੋਂ ਕੁੱਝ ਵੀ ਨਹੀਂ ਮਿਲਦਾ
ਅਸੀਂ ਲੜਾਂਗੇ
ਕਿ ਹਾਲੇ ਤਕ ਲੜੇ ਕਿਉਂ ਨਹੀਂ
ਅਸੀਂ ਲੜਾਂਗੇ
ਆਪਣੀ ਸਜ਼ਾ ਕਬੂਲਣ ਲਈ
ਲੜ ਕੇ ਮਰ ਚੁੱਕਿਆਂ ਦੀ ਯਾਦ ਜ਼ਿੰਦਾ ਰੱਖਣ ਲਈ
ਅਸੀਂ ਲੜਾਂਗੇ ਸਾਥੀ...

## ਇਨਕਾਰ

ਮੈਂ ਜੱਟਾਂ ਦੇ ਸਾਧ ਹੋਵਣ ਤੋਂ ਉਨ੍ਹਾਂ ਦਾ ਸਫ਼ਰ ਹਾਂ
ਮੈਂ ਬੁੱਢੇ ਮੋਚੀ ਦੀ ਗੁੰਮੀ ਹੋਈ ਅੱਖਾਂ ਦੀ ਲੋਅ ਹਾਂ
ਮੈਂ ਟੁੰਡੇ ਹੌਲਦਾਰ ਦੇ ਸੱਜੇ ਹੱਥ ਦੀ ਯਾਦ ਹਾਂ ਕੇਵਲ
ਮੈਂ ਪਿੰਡੇ ਵਕਤ ਦੇ, ਚੱਪਾ ਸਦੀ ਦਾ ਦਾਗ਼ ਹਾਂ ਕੇਵਲ
ਤੇ ਮੇਰੀ ਕਲਪਣਾ,
ਉਸ ਲੁਹਾਰ ਦੇ ਥਾਂ ਥਾਂ ਤੋਂ ਲੂਸੇ ਮਾਸ ਵਰਗੀ ਹੈ
ਜੋ ਬੇਰਹਿਮ ਅਸਮਾਨ ਤੇ ਖਿਝਿਆ ਰਹੇ,
ਇਕ ਹਵਾ ਦੇ ਬੁੱਲੇ ਲਈ
ਜੀਹਦੇ ਹੱਥ ਵਿਚਲਾ ਚਊ ਦਾ ਫਾਲਾ
ਕਦੀ ਤਲਵਾਰ ਬਣ ਜਾਵੇ,
ਕਦੀ ਬੱਸ ਪੱਠਿਆਂ ਦੀ ਪੰਡ ਰਹਿ ਜਾਵੇ
ਮੈਂ ਹੁਣੇ ਤੁਹਾਡੇ ਲਈ ਕਿਸੇ
ਹਰਮੋਨੀਅਮ ਦਾ ਪੱਖਾ ਨਹੀਂ ਹੋ ਸਕਦਾ
ਮੈਂ ਭਾਂਡੇ ਮਾਂਜਦੀ ਝੀਰੀ ਦੀਆਂ ਉਂਗਲਾਂ 'ਚੋਂ
ਸਿੰਮਦਾ ਰਾਗ ਹਾਂ ਕੇਵਲ
ਮੇਰੇ ਕੋਲ ਸੁਹਜ ਦੀ ਉਸ ਸੁਪਨ ਸੀਮਾ ਤੋਂ ਉਰ੍ਹੇ
ਹਾਲਾਂ ਕਰਨ ਨੂੰ ਬਹੁਤ ਗੱਲਾਂ ਹਨ
ਅਜੇ ਮੈਂ ਧਰਤ ਤੇ ਛਾਈ
ਕਿਸੇ ਸੀਰੀ ਦੇ ਕਾਲੇ-ਸ਼ਾਹ ਬੁੱਲ੍ਹਾਂ ਜਹੀ
ਰਾਤ ਦੀ ਹੀ ਗੱਲ ਕਰਾਂਗਾ
ਉਸ ਇਤਿਹਾਸ ਦੀ
ਜੋ ਮੇਰੇ ਬਾਪ ਦੇ ਧੁੱਪ ਨਾਲ ਲੂਸੇ
ਮੌਰਾਂ ਉਤੇ ਉੱਕਰਿਆ ਹੈ
ਜਾਂ ਆਪਣੀ ਮਾਂ ਦੇ ਪੈਰੀਂ ਪਾਟੀਆਂ
ਬਿਆਈਆਂ ਦੇ ਭੂਗੋਲ ਦੀ ਹੀ ਗੱਲ ਕਰਾਂਗਾ
ਮੇਰੇ ਤੋਂ ਆਸ ਨਾ ਕਰਿਓ ਕਿ ਮੈਂ ਖੇਤਾਂ ਦਾ ਪੁੱਤ ਹੋ ਕੇ
ਤੁਹਾਡੇ ਚਗਲੇ ਹੋਏ ਸਵਾਦਾਂ ਦੀ ਕੋਈ ਗੱਲ ਕਰਾਂਗਾ
ਜਿਨ੍ਹਾਂ ਦੇ ਹੜ੍ਹ 'ਚ ਰੁੜ੍ਹ ਜਾਂਦੀ ਹੈ
ਸਾਡੇ ਬੱਚਿਆਂ ਦੀ ਤੋਤਲੀ ਕਵਿਤਾ
ਤੇ ਸਾਡੀਆਂ ਧੀਆਂ ਦਾ ਕੰਜਕ ਜਿਹਾ ਹਾਸਾ।

## ਗ਼ਜ਼ਲ



ਗੁਰਭਜਨ ਗਿੱਲ

ਬਲ਼ਦੀ ਜਿਉਂ ਪਰਚੰਡ
ਜਵਾਲਾ, ਪਾਸ਼ ਕੋਈ
ਅਵਤਾਰ ਨਹੀਂ ਸੀ।
ਜਿੰਨਾ ਵੀ ਸੀ ਲਟ ਲਟ
ਬਲ਼ਿਆ, ਉਹ ਕੱਲ੍ਹਾ
ਇਕਰਾਰ ਨਹੀਂ ਸੀ।

ਜਦ ਵੀ ਆਉਂਦਾ ਵਾਂਗ ਹਨ੍ਹੇਰੀ,
ਝੱਖੜ ਵਾਂਗੂੰ ਝੁੱਲ ਜਾਂਦਾ ਉਹ,
ਤਿੱਖੀ ਤੇਜ਼ ਨਜ਼ਰ ਦਾ ਸਾਂਈਂ,
ਉਹ ਧਰਤੀ ਤੇ ਭਾਰ ਨਹੀਂ ਸੀ।

ਅੱਥਰੂ ਨਹੀਂ ਸੀ, ਹਾਉਕਾ ਵੀ ਨਾ,
ਉਹ ਸੀ ਬਿਖੜਾ ਸਫ਼ਰ ਨਿਰੰਤਰ,
ਉਸ ਦੇ ਸ਼ਬਦ ਕੋਸ਼ ਵਿੱਚ ਲਿਖਿਆ,
ਇੱਕ ਵਾਰੀ ਵੀ ਹਾਰ ਨਹੀਂ ਸੀ।

ਵਿਧ ਮਾਤਾ ਤੋਂ ਮਰਨ ਦਿਹਾੜਾ,
ਉਸ ਨੇ ਲਾਗੇ ਬਹਿ ਲਿਖਵਾਇਆ,
ਤੇਈ ਮਾਰਚ ਤੋਂ ਵੱਧ ਸੋਹਣਾ,
ਹੋਰ ਕੋਈ ਤਿੱਥ ਵਾਰ ਨਹੀਂ ਸੀ।

ਉਸ ਦਾ ਜਾਣਾ ਏਦਾਂ ਲੱਗਿਆ
ਜਿਉਂ ਕਲਬੂਤੋਂ ਰੂਹ ਉੱਡ ਜਾਵੇ,
ਜਿਸ ਦਿਨ ਮਾਰ ਉਡਾਰੀ ਉੱਡਿਆ,
ਕੰਬੀ ਕਿਹੜੀ ਤਾਰ ਨਹੀਂ ਸੀ।

ਹੰਸ ਰਾਜ ਚੱਲ ਨ੍ਹਾਵਣ ਚੱਲੀਏ,
ਲੈ ਕੇ ਤੁਰਿਆ ਵਾਂਗ ਭਰਾਵਾਂ,
ਨਾਲ ਸਵਾਸਾਂ ਨਿਭਣੇਹਾਰਾ,
ਉਸ ਤੋਂ ਪੱਕਾ ਯਾਰ ਨਹੀਂ ਸੀ।

ਸਾਲਮ ਸੂਰਾ ਸ਼ਬਦ ਬਾਣ ਸੀ,
ਵੈਰੀ ਵਿੰਨ੍ਹਦਾ ਲਿਖ ਕਵਿਤਾਵਾਂ,
ਵੇਖਣ ਨੂੰ ਉਸ ਦੇ ਹੱਥ ਭਾਵੇਂ,
ਤਿੱਖੀ ਤੇਜ਼ ਕਟਾਰ ਨਹੀਂ ਸੀ।

**• ਲੋਕ ਕਵੀ ਪਾਸ਼ ਦਾ ਬਾਲ ਸਖਾਈ ਮਿੱਤਰ ਜੋ ਉਹਦੇ ਨਾਲ ਤੇਈ ਮਾਰਚ 1988 ਨੂੰ ਤਲਵੰਡੀ ਸਲੇਮ(ਜਲੰਧਰ) ਵਿੱਚ ਕਤਲ ਹੋਇਆ ਸੀ**

## ਸੱਚੀ ਗੱਲ

ਸੱਚੀ ਗੱਲ ਮੂੰਹ ਤੇ ਆਖੀ, ਕੌੜੀ ਹੀ ਹੁੰਦੀ ਅ,
ਫੁੱਕਰੇ ਬੰਦੇ ਦੀ ਉਮਰ, ਥੋੜੀ ਹੀ ਹੁੰਦੀ ਅ,



ਫੁਕਰਪੁਣੇ 'ਚ ਐਵੇਂ ਗੱਪ, ਰੋੜ੍ਹੀ ਹੀ ਹੁੰਦੀ ਅ,
ਫੁਕਰੇ ਬੰਦੇ ਦੀ ਉਮਰ,ਥੋੜੀ ਹੀ ਹੁੰਦੀ ਅ......

ਉਹਦੀ ਸੋਚ ਹਮੇਸ਼ਾ ਛੋਟੀ ਤੇ ਸੌੜੀ ਹੀ ਹੁੰਦੀ ਅ,
ਓਹਦੇ ਮੱਥੇ ਤੇ ਪਾਈ ਸਦਾ ਤਿਊੜੀ ਹੀ ਹੁੰਦੀ ਅ,
ਟੇਢੇ ਮੇਢੇ ਢੰਗ ਨਾਲ ਮਾਇਆ ਜੋੜੀ ਹੀ ਹੁੰਦੀ ਅ
ਫੁੱਕਰੇ ਬੰਦੇ ਦੀ ਉਮਰ........... .

ਕਿਸੇ ਦੀ ਚੁੱਕ ਚ ਆ ਕੇ ਕੀਤੀ,ਐਂਵੇ ਹਿੱਕ ਚੌੜੀ ਹੀ ਹੁੰਦੀ ਅ,
ਕਦੇ ਲੰਘੀ ਨਾ ਵਿਚਾਰਾਂ ਵਾਲੀ,ਡਿਓੜੀ ਹੀ ਹੁੰਦੀ ਹੈ,
ਸੱਚ ਨੇ ਆਖਿਰ ਝੂਠ ਦੀ ਗਰਦਨ ਮਰੋੜੀ ਹੀ ਹੁੰਦੀ ਅ,
ਫੁੱਕਰੇ ਬੰਦੇ ਦੀ ਉਮਰ ਥੋੜੀ ਹੀ ਹੁੰਦੀ ਅ.......

## ਗ਼ਜ਼ਲ

ਸਾਡੀ ਸਾਂਝ ਸਦਾ ਰਹੀ ਏ, ਸਵੇਰਿਆਂ ਦੇ ਨਾਲ,
ਅਸੀਂ ਲਾਉਂਦੇ ਰਹੇ ਮੱਥਾ ਸਦਾ ਹਨੇਰਿਆਂ ਦੇ ਨਾਲ
ਹਾਰ ਮੰਨਣੀ ਕਦੇ ਵੀ ਸਾਹਵੇਂ ਵੇਖ ਔਂਕੜਾਂ,
ਅਸੀਂ ਲਾਉਣਾ ਸਦਾ ਆਢਾ ਏ ਦੁਪਹਿਰਿਆਂ ਦੇ ਨਾਲ,
ਅਸੀਂ ਧਰਤੀ ਤੇ ਜ਼ਿੰਦਗੀ ਜਿਊਣ ਵਾਲੇ ਹਾਂ,
ਸਾਡੀ ਬਣਦੀ ਨਹੀਂ ਉੱਚਿਆਂ ਬਨੇਰਿਆਂ ਦੇ ਨਾਲ
ਸੁਣੋ ਕਿਰਤਾਂ ਦੇ ਉਤੇ ਡਾਕੇ ਪਾਉਣ ਵਾਲਿਓ,
ਅਸੀ ਖੜ੍ਹਨਾ ਏ ਸਦਾ ਹੀ ਕਮੇਰਿਆਂ ਦੇ ਨਾਲ ,
ਜੋ ਸਾਡੀ ਸੋਚ ਨੂੰ ਮਿਟਾਉਣ ਦੀਆਂ ਚਾਲਾਂ ਚੱਲਦੇ,
ਸਾਡਾ ਵਾਹ ਪਿਆ ਜੱਗ ਤੇ ਬਥੇਰਿਆ ਦੇ ਨਾਲ,
ਅਸੀਂ ਲੜਨਾ ਅਖੀਰ ਤੱਕ, ਨਾਲ਼ ਹੌਂਸਲੇ,
ਹੱਥ ਦੋ-ਦੋ ਅਸੀਂ ਕਰਣੇਂ ਲੁਟੇਰਿਆਂ ਦੇ ਨਾਲ....

-ਪਰਮਜੀਤ ਲਾਲੀ

## ਤੇਰੇ ਖ਼ਤ



ਖ਼ਤ ਹੱਸਦੇ
ਖ਼ਤ ਹਸਾਉਂਦੇ
ਖ਼ਤ ਮੁਸਕਾਉਂਦੇ
ਖ਼ਤ ਕੁਰਲਾਉਂਦੇ
ਖ਼ਤ ਰੁੱਸਦੇ
ਖ਼ਤ ਮਨਾਉਂਦੇ
ਖ਼ਤ ਝੂਰਦੇ
ਖ਼ਤ ਘੂਰਦੇ
ਖ਼ਤ ਡੁਸਕਦੇ
ਖ਼ਤ ਰੁਲਾਉਂਦੇ
ਖ਼ਤ ਸਹਿਕਦੇ
ਖ਼ਤ ਵਿਲਕਦੇ
ਖ਼ਤ ਮਹਿਕਦੇ
ਖ਼ਤ ਚਹਿਕਦੇ
ਖ਼ਤ ਸਿਸਕਦੇ
ਖ਼ਤ ਲਿਸ਼ਕਦੇ
ਖ਼ਤ ਬੋਲਦੇ
ਖ਼ਤ ਚੁੱਪ ਜਿਹੇ
ਖ਼ਤ ਮਦਹੋਸ਼ ਜਿਹੇ
ਖ਼ਤ ਖਾਮੋਸ਼ ਜਿਹੇ
ਖ਼ਤ ਕੂੰਜਾਂ ਵਰਗੇ
ਖ਼ਤ ਕੰਜਕਾਂ ਵਰਗੇ
ਖ਼ਤ ਆਵੇਸ਼ ਜਿਹੇ
ਖ਼ਤ ਦਰਵੇਸ਼ ਜਿਹੇ
ਖ਼ਤ ਸ਼ਾਂਤ ਜਿਹੇ
ਖ਼ਤ ਖਲਬਲੀ
ਖ਼ਤ ਖੁਰਦਰੇ
ਖ਼ਤ ਮਖ਼ਮਲੀ
ਖ਼ਤ ਅਤਰੰਗੀ
ਖ਼ਤ ਸਤਰੰਗੀ
ਖ਼ਤ ਸੁਰੀਲੇ
ਖ਼ਤ ਨਸ਼ੀਲੇ
ਖ਼ਤ ਹੌਕਿਆਂ ਵਰਗੇ
ਖ਼ਤ ਚਾਵਾਂ ਵਰਗੇ
ਖ਼ਤ ਧੁੱਪਾਂ ਵਰਗੇ
ਖ਼ਤ ਛਾਵਾਂ ਵਰਗੇ
ਖ਼ਤ ਬੁਝੇ ਬੁਝੇ
ਖ਼ਤ ਲਾਟ ਜਿਹੇ
ਖ਼ਤ ਮੰਜ਼ਿਲ
ਖ਼ਤ ਵਾਟ ਜਿਹੇ
ਭਾਵਨਾਵਾਂ ਗੜੁੱਚੇ
ਖ਼ਤ ਕੋਮਲ ਅਹਿਸਾਸ ਜਿਹੇ
ਸੱਜਣਾਂ ਸਾਂਭ ਕੇ ਰੱਖੇ ਨੇ
ਖ਼ਤ ਤੇਰੇ ਧਰਵਾਸ ਜਿਹੇ
ਇਹ ਖ਼ਤ ਮੇਰੀ ਜੀਵਨ ਪੂੰਜੀ
ਜੀਊਣ ਦੀ ਇੱਕੋ ਆਸ ਜਿਹੇ

-ਅਸ਼ਵਨੀ ਜੇਤਲੀ

# “ਭਾਰਤ ਵਿੱਚ ਅੰਧਵਿਸ਼ਵਾਸ ਰੋਕੂ ਕਾਨੂੰਨ ਸਮੇਂ ਦੀ ਲੋੜ”



ਕੁਲਦੀਪ ਸਾਹਿਲ
94179-90040

ਪਿਛੇ ਜਿਹੇ ਤਰਕਸ਼ੀਲ ਸੁਸਾਇਟੀ ਪੰਜਾਬ ਵਲੋਂ ਪੰਜਾਬ ਵਿੱਚ ਅੰਧਵਿਸ਼ਵਾਸ ਖ਼ਿਲਾਫ਼ ਕਾਨੂੰਨ ਬਣਾਉਣ ਲਈ ਪੰਜਾਬ ਦੇ ਸਾਰੇ ਐਮ ਐਲ ਏਜ ਨੂੰ ਮੰਗ ਪੱਤਰ ਸੌਂਪੇ ਗਏ ਪਰ ਸਵਾਲ ਪੈਦਾ ਹੁੰਦਾ ਹੈ ਕਿ ਭਾਰਤ ਅਤੇ ਸੂਬੇ ਦੀਆਂ ਸਰਕਾਰਾਂ ਇਸ ਮੁੱਦੇ ਤੇ ਕਿਨੀਆਂ ਕੁ ਗੰਭੀਰ ਹਨ। ਮਹਾਰਾਸ਼ਟਰ ਵਿੱਚ ਪਿਛਲੇ ਸਾਲ ਤਰਕਸ਼ੀਲ ਆਗੂ ਅਤੇ ਅੰਧ ਸ਼ਰਧਾ ਨਿਰਮੂਲਣ ਸਮਿਤੀ ਦੇ ਸੰਸਥਾਪਕ ਡਾ. ਨਰਿੰਦਰ ਦਾਭੋਲਕਰ ਦੀ ਕੁਝ ਗ਼ੈਰ ਸਮਾਜਿਕ ਅਨਸਰਾਂ ਵੱਲੋਂ ਕੀਤੀ ਹੱਤਿਆ ਤੋਂ ਬਾਅਦ ਉੱਥੋਂ ਦੀ ਸਰਕਾਰ ਵੱਲੋਂ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਲਾਗੂ ਕੀਤਾ ਜਾ ਚੁੱਕਾ ਹੈ। ਭਾਰਤ ਦੇਸ਼ ਦੇ ਜ਼ਿਆਦਾਤਰ ਲੋਕ ਰੂੜੀਵਾਦੀ ਸੋਚ ਕਾਰਨ ਵਹਿਮਾਂ-ਭਰਮਾਂ ਅਤੇ ਸਮਾਜਿਕ ਬੁਰਾਈਆਂ ਵਿੱਚ ਜਕੜੇ ਹੋਏ ਹਨ। ਲੋਕਾਂ ਦੀ ਅੰਧ ਵਿਸ਼ਵਾਸੀ ਮਾਨਸਿਕਤਾ ਦਾ ਫ਼ਾਇਦਾ ਉਠਾ ਕੇ ਪਖੰਡੀ ਬਾਬੇ, ਸਾਧ-ਸੰਤ, ਤਾਂਤਰਿਕ ਅਤੇ ਜੋਤਸ਼ੀ ਆਦਿ ਉਨ੍ਹਾਂ ਦਾ ਸ਼ਰ੍ਹੇਆਮ ਆਰਥਿਕ, ਸਰੀਰਕ ਅਤੇ ਮਾਨਸਿਕ ਸ਼ੋਸ਼ਣ ਕਰ ਰਹੇ ਹਨ। ਲੋਕ ਪੱਖੀ ਸਰਕਾਰਾਂ ਦਾ ਕਾਨੂੰਨੀ ਤੇ ਨੈਤਿਕ ਫ਼ਰਜ਼ ਬਣਦਾ ਹੈ ਕਿ ਜਿੱਥੇ ਉਹ ਆਪਣੇ ਨਾਗਰਿਕਾਂ ਨੂੰ ਜੀਵਨ ਦੀਆਂ ਬਿਹਤਰ ਬੁਨਿਆਦੀ ਸਹੂਲਤਾਂ ਅਤੇ ਸੁਰੱਖਿਆ ਮੁਹੱਈਆ ਕਰਾਉਣ ਉੱਥੇ ਉਨ੍ਹਾਂ ਨੂੰ ਅੰਧ ਵਿਸ਼ਵਾਸਾਂ, ਵਹਿਮਾਂ-ਭਰਮਾਂ ਤੋਂ ਬਚਾਉਣ ਲਈ ਅਤੇ ਇਨ੍ਹਾਂ ਦੀ ਆੜ ਹੇਠ ਲੁੱਟ ਕਰਨ ਵਾਲੇ ਪਖੰਡੀਆਂ ’ਤੇ ਵੀ ਕਾਨੂੰਨੀ ਪਾਬੰਦੀ ਲਾਉਣ ਪਰ ਮੌਜੂਦਾ ਸਰਕਾਰਾਂ ਤੇ ਸਿਆਸੀ ਪਾਰਟੀਆਂ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਇਹ ਸਭ ਕੁਝ ਮੂਕ ਦਰਸ਼ਕ ਬਣ ਕੇ ਵੇਖ ਰਹੀਆਂ ਹਨ। ਅਫ਼ਸੋਸ ਦੀ ਗੱਲ ਹੈ ਕਿ ਮੌਜੂਦਾ ਵਿਗਿਆਨ ਦੇ ਯੁੱਗ ਵਿੱਚ ਅਜਿਹਾ ਗ਼ੈਰ-ਮਨੁੱਖੀ ਤੇ ਗ਼ੈਰਕਾਨੂੰਨੀ ਵਰਤਾਰਾ ਵਾਪਰ ਰਿਹਾ ਹੈ। ਅਸੀਂ ਸਵੇਰ ਤੋਂ ਲੈ ਕੇ ਰਾਤ ਤਕ ਵਿਗਿਆਨ ਦੀਆਂ ਈਜਾਦ ਕੀਤੀਆਂ ਸੁੱਖ ਸਹੂਲਤਾਂ ਤਾਂ ਮਾਣਦੇ ਹਾਂ ਪਰ ਜ਼ਿੰਦਗੀ ਵਿੱਚ ਕਦੇ ਵਿਗਿਆਨਕ ਦ੍ਰਿਸ਼ਟੀਕੋਣ ਅਪਨਾਉਣ ਦੀ ਕੋਸ਼ਿਸ਼ ਨਹੀਂ ਕਰਦੇ। ਪਿਛਲੇ ਸਮੇਂ ਵਿੱਚ ਦੇਸ਼ ਅਤੇ ਪੰਜਾਬ ਵਿਚਲੇ ਕਈ ਡੇਰਿਆਂ ਵਿੱਚ ਬਲਾਤਕਾਰ, ਕਤਲ ਅਤੇ ਲੁੱਟ ਦੀਆਂ ਘਟਨਾਵਾਂ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੀਆਂ ਰਹੀਆਂ ਹਨ ਪਰ ਸਾਡੀਆਂ ਸਰਕਾਰਾਂ ਨੇ ਅਜਿਹੀਆਂ ਅਪਰਾਧਕ, ਗ਼ੈਰ-ਮਨੁੱਖੀ ਅਤੇ ਅੰਧ ਵਿਸ਼ਵਾਸੀ ਘਟਨਾਵਾਂ ਵਾਪਰਨ ਤੋਂ ਬਾਅਦ ਵੀ ਪੰਜਾਬ ਵਿੱਚੋਂ ਪਖੰਡੀ ਬਾਬਿਆਂ, ਤਾਂਤਰਿਕਾਂ, ਸਾਧਾਂ ਅਤੇ ਜੋਤਸ਼ੀਆਂ ਦੀਆਂ ਗ਼ੈਰਕਾਨੂੰਨੀ ਦੁਕਾਨਾਂ ਬੰਦ ਕਰਾਉਣ ਲਈ ਕੋਈ ਠੋਸ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣ ਅਤੇ ਲਾਗੂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ। ਲੋਕਤੰਤਰ ਦਾ ਚੌਥਾ ਥੰਮ੍ਹ ਅਖਵਾਉਣ ਵਾਲੇ ਪ੍ਰਿੰਟ ਅਤੇ ਬਿਜਲਈ ਮੀਡੀਆ ਦਾ ਇੱਕ ਵੱਡਾ ਹਿੱਸਾ ਵੀ ਆਪਣੇ ਵਪਾਰਕ ਹਿੱਤਾਂ ਖ਼ਾਤਰ ਅਜਿਹੇ ਪਖੰਡੀਆਂ ਦੀ ਗ਼ੈਰਕਾਨੂੰਨੀ ਅਤੇ ਝੂਠੀ ਇਸ਼ਤਿਹਾਰਬਾਜ਼ੀ ਕਰਕੇ ਉਨ੍ਹਾਂ ਦੇ ਲੁੱਟ ਦੇ ਵਪਾਰ ਨੂੰ ਹੋਰ ਵਧਣ ਫੁੱਲਣ ਵਿੱਚ ਉਨ੍ਹਾਂ ਦੀ ਮਦਦ ਕਰ ਰਿਹਾ ਹੈ। ਇਹੀ ਕਾਰਨ ਹੈ ਕਿ ਅੰਧ ਵਿਸ਼ਵਾਸ ਅਤੇ ਵਹਿਮ-ਭਰਮ ਫੈਲਾਉਣ ਵਾਲੇ ਪਖੰਡੀਆਂ ਦਾ ਇਹ ਗ਼ੈਰਕਾਨੂੰਨੀ ਧੰਦਾ ਬਿਨਾਂ ਕਿਸੇ ਰੋਕ ਟੋਕ ਦੇ ਸ਼ਰ੍ਹੇਆਮ ਤੇ ਲਗਾਤਾਰ ਵਧਦਾ ਜਾ ਰਿਹਾ ਹੈ। ਦੇਸ਼ ਵਿੱਚ ਸ਼ਾਤਿਰ ਲੋਕ ਭੋਲੇ ਭਾਲੇ ਅਤੇ ਗਰੀਬ ਲੋਕਾਂ ਨੂੰ ਵੱਖ-ਵੱਖ ਤਰ੍ਹਾਂ ਦੇ ਅੰਧ ਵਿਸ਼ਵਾਸਾਂ, ਵਹਿਮਾਂ-ਭਰਮਾਂ ਅਤੇ ਅਖੌਤੀ ਚਮਤਕਾਰੀ ਸ਼ਕਤੀਆਂ ਵਿੱਚ ਫਸਾ ਕੇ ਉਨ੍ਹਾਂ ਦੀ ਹੱਕ ਹਲਾਲ ਦੀ ਕਮਾਈ ਲੁੱਟੀ ਜਾ ਰਹੇ ਹਨ। ਇਸ ਕਾਰਨ ਦਿਨੋਂ-ਦਿਨ ਲੋਕ ਸਰੀਰਕ ਅਤੇ ਮਾਨਸਿਕ ਰੋਗਾਂ ਅਤੇ ਖ਼ੁਦਕੁਸ਼ੀਆਂ ਦਾ ਸ਼ਿਕਾਰ ਹੋ ਰਹੇ ਹਨ। ਇਸ ਸਮੁੱਚੇ ਵਰਤਾਰੇ ਪਿੱਛੇ ਮੁੱਖ ਵਜ੍ਹਾ ਇਹ ਹੈ ਕਿ ਮੌਜੂਦਾ ਲੋਕ ਵਿਰੋਧੀ ਰਾਜ ਪ੍ਰਬੰਧ ਵਿੱਚ ਕਥਿਤ ਦੱਬੇ ਕੁਚਲੇ ਵਰਗਾਂ ਦੇ ਲੋਕ ਜ਼ਿੰਦਗੀ ਵਿੱਚ ਪੈਰ-ਪੈਰ ਉੱਤੇ ਆਰਥਿਕ, ਮਾਨਸਿਕ, ਸਮਾਜਿਕ, ਸਰੀਰਕ, ਪਰਿਵਾਰਕ ਅਤੇ ਹੋਰ ਕਈ ਤਰ੍ਹਾਂ ਦੀਆਂ ਗੰਭੀਰ ਸਮੱਸਿਆਵਾਂ ਅਤੇ ਬੀਮਾਰੀਆਂ ਦਾ ਸਾਹਮਣਾ ਕਰਦੇ ਹੋਏ ਲਗਾਤਾਰ ਮਾਨਸਿਕ ਪ੍ਰੇਸ਼ਾਨੀ ਦੀ ਹਾਲਤ ਵਿੱਚੋਂ ਗੁਜ਼ਰ ਰਹੇ ਹਨ। ਉਹ ਸਮਝਦੇ ਹਨ ਕਿ ਸ਼ਾਇਦ ਇਹ ਡੇਰੇ, ਬਾਬੇ, ਸਾਧ, ਜੋਤਸ਼ੀ ਕਿਸੇ ਅਖੌਤੀ ਕਰਾਮਾਤੀ ਸ਼ਕਤੀ ਨਾਲ ਉਨ੍ਹਾਂ ਦੀਆਂ ਸਮੱਸਿਆਵਾਂ ਖ਼ਤਮ ਕਰ ਦੇਣਗੇ ਜਦੋਂਕਿ ਅਜਿਹਾ ਹੋਣਾ ਅਸੰਭਵ ਹੈ। ਅਜਿਹੇ ਚਲਾਕ ਅਨਸਰਾਂ ਵੱਲੋਂ ਆਪਣੀ ਕਥਿਤ ਗੈਬੀ ਸ਼ਕਤੀ ਜਾਂ ਧਾਗੇ ਤਵੀਤ, ਜਾਦੂ-ਟੂਣੇ ਨਾਲ ਬੀਮਾਰੀਆਂ ਦਾ ਇਲਾਜ ਕਰਨ ਜਾਂ ਸਮੱਸਿਆਵਾਂ ਦੂਰ ਕਰਨ ਦੀਆਂ ਗ਼ੈਰਕਾਨੂੰਨੀ ਕਾਰਵਾਈਆਂ ਅਤੇ ਇਤਰਾਜ਼ਯੋਗ ਇਸ਼ਤਿਹਾਰਬਾਜ਼ੀ ਕਾਨੂੰਨ 1954 ਅਤੇ ਮੈਡੀਕਲ ਰਜਿਸਟਰੇਸ਼ਨ ਐਕਟ ਦੀ ਸਿੱਧੀ ਉਲੰਘਣਾ ਹੈ। ਹਕੀਕਤ ਇਹ ਹੈ ਕਿ ਅਜਿਹੇ ਪਖੰਡੀ ਤੇ ਫਰੇਬੀ ਬਾਬਿਆਂ, ਜੋਤਸ਼ੀਆਂ, ਸਾਧਾਂ-ਸੰਤਾਂ ਨੂੰ ਕੁਝ ਸਿਆਸਤਦਾਨਾਂ ਦੀ ਸਿਆਸੀ ਸਰਪ੍ਰਸਤੀ ਹਾਸਲ ਹੁੰਦੀ ਹੈ ਕਿਉਂਕਿ ਉਹ ਉਨ੍ਹਾਂ ਲਈ ਚੋਣਾਂ ਮੌਕੇ ਵੋਟ ਬੈਂਕ ਦਾ ਜੁਗਾੜ ਕਰਦੇ ਹਨ। ਇਸੇ ਲਈ ਇਨ੍ਹਾਂ ਦੇ ਖ਼ਿਲਾਫ਼ ਕਦੇ ਕੋਈ ਕਾਨੂੰਨੀ ਕਾਰਵਾਈ ਨਹੀਂ ਕੀਤੀ ਜਾਂਦੀ। ਜਾਦੂ-ਟੂਣਿਆਂ, ਭੂਤਾਂ-ਪ੍ਰੇਤਾਂ, ਗ੍ਰਹਿ ਚੱਕਰਾਂ, ਧਾਗੇ-ਤਵੀਤਾਂ, ਜਨਮ ਟੇਵਿਆਂ ਅਤੇ ਅਖੌਤੀ ਕਾਲੇ ਇਲਮ ਦੀਆਂ ਕਰਾਮਾਤੀ ਸ਼ਕਤੀਆਂ ਨਾਲ ਲੋਕਾਂ ਦੀਆਂ ਸਮੱਸਿਆਵਾਂ, ਦੁੱਖਾਂ ਤੇ ਬੀਮਾਰੀਆਂ ਦਾ ਹੱਲ ਕਰਨ ਅਤੇ ਮਨਚਾਹੀਆਂ ਖ਼ਾਹਿਸ਼ਾਂ ਪੂਰੀਆਂ ਕਰਨ ਦੇ ਝੂਠੇ ਦਾਅਵੇ ਕਰਨ ਵਾਲੇ ਪਖੰਡੀ ਬਾਬਿਆਂ, ਤਾਂਤਰਿਕਾਂ, ਸਾਧਾਂ, ਜੋਤਸ਼ੀਆਂ, ਵਾਸਤੂ-ਸ਼ਾਸਤਰੀਆਂ ਅਤੇ ਪੁੱਛਾਂ ਦੇਣ ਵਾਲਿਆਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇ ਅਤੇ ਅੰਧ ਵਿਸ਼ਵਾਸ ਫੈਲਾਉਣ ਤੋਂ ਰੋਕਣ ਲਈ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਬਣਾ ਕੇ ਸਖ਼ਤੀ ਨਾਲ ਲਾਗੂ ਕੀਤਾ ਜਾਣਾ ਚਾਹੀਦਾ ਹੈ ਤਾਂ ਕਿ ਲੋਕਾਂ ਦੀ ਲੁੱਟ ਨੂੰ ਰੋਕਿਆ ਜਾ ਸਕੇ। ਸਿੱਖਿਆ ਸਿਲੇਬਸ ਵਿੱਚੋਂ ਅੰਧ ਵਿਸ਼ਵਾਸੀ ਤੇ ਰੂੜ੍ਹੀਵਾਦੀ ਵਿਸ਼ਿਆਂ ਨੂੰ ਕੱਢ ਕੇ ਵਿਗਿਆਨਕ ਚੇਤਨਾ ਵਿਕਸਤ ਕਰਨ ਵਾਲੇ ਪਾਠ ਸ਼ਾਮਲ ਕੀਤੇ ਜਾਣੇ ਚਾਹੀਦੇ ਹਨ। ਹਰੇਕ ਨਾਗਰਿਕ ਲਈ ਬਰਾਬਰੀ ਦੇ ਆਧਾਰ ਉਤੇ ਜੀਵਨ ਦੀਆਂ ਬੁਨਿਆਦੀ ਸਹੂਲਤਾਂ ਯਕੀਨੀ ਬਣਾਈਆਂ ਜਾਣ ਤਾਂ ਕਿ ਲੋਕ ਪਖੰਡੀ ਬਾਬਿਆਂ, ਡੇਰਿਆਂ, ਜੋਤਸ਼ੀਆਂ, ਅੰਧ-ਵਿਸ਼ਵਾਸਾਂ, ਵਹਿਮਾਂ ਅਤੇ ਸਮਾਜਿਕ ਬੁਰਾਈਆਂ ਦੇ ਝਾਂਸੇ ਵਿੱਚ ਨਾ ਫਸਣ। ਪੰਜਾਬ ਵਿੱਚ ਵੀ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਨਾ ਹੋਣ ਕਰਕੇ ਇਹ ਪਖੰਡ ਬਾਜ਼ੀ ਅਤੇ ਅੰਧਵਿਸ਼ਵਾਸ ਜੋਰਾ ਤੇ ਹੈ ਇਸ ਲਈ ਜਦੋਂ ਤਕ ਲੋਕਾਂ ਦੀਆਂ ਬੁਨਿਆਦੀ ਆਰਥਿਕ ਤੇ ਸਮਾਜਿਕ ਸਮੱਸਿਆਵਾਂ ਖ਼ਤਮ ਨਹੀਂ ਹੁੰਦੀਆਂ ਅਤੇ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਬਣਾ ਕੇ ਸਖ਼ਤੀ ਨਾਲ ਲਾਗੂ ਨਹੀਂ ਕੀਤਾ ਜਾਂਦਾ ਤਦ ਤਕ ਸਮਾਜ ਵਿੱਚੋਂ ਲੁੱਟ, ਸ਼ੋਸ਼ਣ ਅਤੇ ਜਬਰ ਜ਼ੁਲਮ ਦਾ ਇਹ ਗ਼ੈਰ-ਮਨੁੱਖੀ ਵਰਤਾਰਾ ਖ਼ਤਮ ਨਹੀਂ ਕੀਤਾ ਜਾ ਸਕਦਾ। ਪੰਜਾਬ ਸਰਕਾਰ ਨੂੰ ਵੀ ਆਪਣੀ ਕਾਨੂੰਨੀ ਤੇ ਨੈਤਿਕ ਜ਼ਿੰਮੇਵਾਰੀ ਸਮਝਦਿਆਂ ਪੰਜਾਬ ਵਿੱਚ ਵੀ ਮਹਾਰਾਸ਼ਟਰ ਦੀ ਤਰਜ਼ ਉੱਤੇ ਠੋਸ ਅੰਧ ਵਿਸ਼ਵਾਸ ਵਿਰੋਧੀ ਕਾਨੂੰਨ ਬਣਾਉਣ ਤੇ ਲਾਗੂ ਕਰਨ ਦੀ ਲੋੜ ਹੈ ਤਾਂ ਕਿ ਲੋਕਾਂ ਨੂੰ ਪਖੰਡੀਆਂ ਵੱਲੋਂ ਕੀਤੀ ਜਾਂਦੀ ਲੁੱਟ ਅਤੇ ਅਪਰਾਧ ਤੋਂ ਨਿਜ਼ਾਤ ਦਿਵਾਈ ਜਾ ਸਕੇ। ਇਸ ਸਬੰਧੀ ਸਮੂਹ ਇਨਸਾਫ਼ ਪਸੰਦ ਤੇ ਜਮਹੂਰੀ ਜਥੇਬੰਦੀਆਂ, ਬੁੱਧੀਜੀਵੀਆਂ ਅਤੇ ਮੀਡੀਆ ਨੂੰ ਆਪਣੀ ਬਣਦੀ ਜ਼ਿੰਮੇਵਾਰੀ ਨਿਭਾਉਣ ਦੀ ਲੋੜ ਹੈ। ਦੇਸ਼ ਅਤੇ ਪੰਜਾਬ ਦੇ ਲੋਕਾਂ ਦੀਆਂ ਅੱਧੀਆਂ ਤੋਂ ਜ਼ਿਆਦਾ ਸਮੱਸਿਆਵਾਂ ਅੰਧਵਿਸ਼ਵਾਸ ਨਾਲ ਜੁੜੀਆਂ ਹਨ ਜਦੋਂ ਤੱਕ ਸਾਡਾ ਦੇਸ਼ ਅੰਧਵਿਸ਼ਵਾਸ ਦੀ ਦਲਦਲ ਵਿਚੋਂ ਬਾਹਰ ਨਹੀਂ ਨਿਕਲਦਾ ਉਦੋਂ ਤੱਕ ਭਾਰਤ ਦੇਸ਼ ਜਪਾਨ, ਚੀਨ ਅਮਰੀਕਾ ਕਨੇਡਾ ਵਰਗੇ ਵਿਕਾਸਸ਼ੀਲ ਮੁਲਕਾਂ ਦਾ ਹਾਣੀ ਨਹੀਂ ਬਣ ਸਕਦਾ।















# ਕੰਗਨਾ ਵੱਲੋਂ ‘ਚੰਦਰਮੁਖੀ 2’ ਦੀ ਸ਼ੂਟਿੰਗ ਮੁਕੰਮਲ

ਮੁੰਬਈ-ਕੰਗਨਾ ਰਣੌਤ ਨੇ ਫਿਲਮ ‘ਚੰਦਰਮੁਖੀ 2’ ਦੀ ਸ਼ੂਟਿੰਗ ਮੁਕੰਮਲ ਕਰ ਲਈ ਹੈ। ਉਸ ਨੇ ਆਪਣੇ ਸਹਿ-ਅਦਾਕਾਰ ਰਾਘਵ ਲਾਰੈਂਸ ਦੀਆਂ ਸਿਫਤਾਂ ਦੇ ਪੁਲ ਬੰਨ੍ਹਦਿਆਂ ਪੱਤਰ ਲਿਖਿਆ ਹੈ। ਅਦਾਕਾਰਾ ਨੇ ਇੰਸਟਾਗ੍ਰਾਮ ’ਤੇ ਲਾਰੈਂਸ ਨਾਲ ਇੱਕ ਤਸਵੀਰ ਸਾਂਝੀ ਕਰਦਿਆਂ ਆਖਿਆ, “ਚੰਦਰਮੁਖੀ’ ਵਿੱਚ ਮੇਰੇ ਕਿਰਦਾਰ ਦੀ ਸ਼ੂਟਿੰਗ ਮੁਕੰਮਲ ਹੋ ਗਈ ਹੈ। ਮੈਨੂੰ ਸ਼ੂਟਿੰਗ ਦੌਰਾਨ ਬਹੁਤ ਸ਼ਾਨਦਾਰ ਟੀਮ ਮੈਂਬਰ ਮਿਲੇ ਹਨ, ਜਿਨ੍ਹਾਂ ਨੂੰ ਅਲਵਿਦਾ ਕਹਿਣਾ ਬਹੁਤ ਔਖਾ ਲੱਗ ਰਿਹਾ ਹੈ। ਹਮੇਸ਼ਾਂ ਫਿਲਮ ਦੇ ਕਿਰਦਾਰ ਵਾਲਾ ਲਿਬਾਸ ਪਹਿਨਿਆ ਹੋਣ ਕਰਕੇ ਮੇਰੀ ਰਾਘਵ ਲਾਰੈਂਸ ਨਾਲ ਕੋਈ ਤਸਵੀਰ ਨਹੀਂ ਸੀ। ਇਸ ਕਰਕੇ ਮੈਂ ਸ਼ੂਟ ਸ਼ੁਰੂ ਹੋਣ ਤੋਂ ਪਹਿਲਾਂ ਉਸ ਨੂੰ ਇਕ ਤਸਵੀਰ ਖਿਚਵਾਉਣ ਦੀ ਬੇਨਤੀ ਕੀਤੀ ਸੀ।“ਜ਼ਿਕਰਯੋਗ ਹੈ ਕਿ ਫ਼ਿਲਮ ਦਾ ਪਹਿਲਾ ਭਾਗ 2005 ਵਿੱਚ ਰਿਲੀਜ਼ ਹੋਇਆ ਸੀ, ਜਿਸ ਵਿੱਚ ਸੁਪਰਸਟਾਰ ਰਜਨੀਕਾਂਤ ਨੇ ਮੁੱਖ ਕਿਰਦਾਰ ਨਿਭਾਇਆ ਸੀ।

# ਦਿਲਜੀਤ ਤੋਂ ਕਾਫੀ ਕੁਝ ਸਿੱਖਣ ਨੂੰ ਮਿਲਿਆ: ਪਰਿਨੀਤੀ



ਮੁੰਬਈ-ਅਦਾਕਾਰਾ ਪਰਿਨੀਤੀ ਚੋਪੜਾ ਆਪਣੀ ਆਉਣ ਵਾਲੀ ਫਿਲਮ ‘ਚਮਕੀਲਾ’ ਵਿੱਚ ਪੰਜਾਬੀ ਗਾਇਕ ਅਤੇ ਅਦਾਕਾਰ ਦਿਲਜੀਤ ਦੋਸਾਂਝ ਨਾਲ ਕੰਮ ਕਰ ਰਹੀ ਹੈ। ਉਹ ਦਿਲਜੀਤ ਨਾਲ ਕੰਮ ਕਰ ਕੇ ਕਾਫੀ ਖ਼ੁਸ਼ ਨਜ਼ਰ ਆਈ ਅਤੇ ਉਸ ਨੇ ਕਿਹਾ ਕਿ ਉਸ ਨੂੰ ਦਿਲਜੀਤ ਤੋਂ ਕਾਫੀ ਕੁਝ ਸਿੱਖਣ ਨੂੰ ਮਿਲਿਆ, ਜਿਸ ਲਈ ਅਦਾਕਾਰਾ ਨੇ ਉਸ ਦਾ ਧੰਨਵਾਦ ਵੀ ਕੀਤਾ। ਫਿਲਮ ਦੀ ਸ਼ੂਟਿੰਗ ਮੁਕੰਮਲ ਹੋਣ ਮਗਰੋਂ ਦਿਲਜੀਤ ਨੇ ਇੰਸਟਾਗ੍ਰਾਮ ’ਤੇ ਇੱਕ ਤਸਵੀਰ ਸਾਂਝੀ ਕਰਦਿਆਂ ਫਿਲਮ ਦੇ ਨਿਰਦੇਸ਼ਕ ਇਮਤਿਆਜ਼ ਅਲੀ, ਅਦਾਕਾਰਾ ਪਰਿਨੀਤੀ ਚੋਪੜਾ ਅਤੇ ਫਿਲਮ ਦੀ ਟੀਮ ਦੀ ਸ਼ਲਾਘਾ ਕੀਤੀ। ਇਮਤਿਆਜ਼ ਨਾਲ ਆਪਣੀ ਤਸਵੀਰ ਸਾਂਝੀ ਕਰਦਿਆਂ ਉਸ ਨੇ ਲਿਖਿਆ, “ਇਮਤਿਆਜ਼ ਅਲੀ ਸਰ ਬਹੁਤ ਪਿਆਰ ਜੀ। ਤੁਹਾਡੇ ਕੋਲੋਂ ਬਹੁਤ ਕੁਝ ਸਿੱਖਿਆ। ਬਹੁਤ ਚੰਗਾ ਲੱਗਾ ਕੰਮ ਕਰ ਕੇ। ਸਾਰੀ ਟੀਮ ਦਾ ਦਿਲੋਂ ਧੰਨਵਾਦ। ਬਹੁਤ ਮਿਹਨਤ ਕੀਤੀ ਸਾਰਿਆਂ ਨੇ। ਭੁੱਲ ਚੁੱਕ ਲਈ ਮੁਆਫੀ।“ ਇਸ ਮਗਰੋਂ ਪਰਿਨੀਤੀ ਨੇ ਵੀ ਸੋਸ਼ਲ ਮੀਡੀਆ ’ਤੇ ਇੱਕ ਪੋਸਟ ਸਾਂਝੀ ਕਰਦਿਆਂ ਲਿਖਿਆ, “ਮੇਰੇ ਪਸੰਦੀਦਾ ਇਨਸਾਨ, ਸਭ ਤੋਂ ਵਧੀਆ ਲੜਕੇ ਅਤੇ ਮੇਰੇ ਸਾਥੀ ਦਿਲਜੀਤ। ਅਖੀਰ ‘ਚਮਕੀਲਾ’ ਦੀ ਸ਼ੂਟਿੰਗ ਮੁਕੰਮਲ ਹੋ ਗਈ ਹੈ। ਮੈਂ ਤੁਹਾਡੇ ਤੋਂ ਬਹੁਤ ਕੁਝ ਸਿੱਖਿਆ। ਬਹੁਤ ਕਮਾਲ ਦਾ ਕੰਮ ਕੀਤਾ ਹੈ। ਹੋਰ ਕੋਈ ਵੀ ਮੇਰਾ ਚਮਕੀਲਾ ਨਹੀਂ ਬਣ ਸਕਦਾ ਸੀ। ਬਹੁਤ ਪਿਆਰ ਅਮਰਜੋਤ।

# ‘ਸਿਟਾਡੇਲ’ ਵਿੱਚ ਮੈਨੂੰ ਪੁਰਸ਼ ਕਲਾਕਾਰ ਦੇ ਬਰਾਬਰ ਅਦਾਇਗੀ ਹੋਈ: ਪ੍ਰਿਯੰਕਾ

ਲਾਸ ਏਂਜਲਜ਼-ਅਦਾਕਾਰਾ ਪ੍ਰਿਅੰਕਾ ਚੋਪੜਾ ਜੋਨਸ ਨੂੰ ਉਸ ਦੀ ਨਵੀਂ ਪ੍ਰਾਈਮ ਵੀਡੀਓ ਵੈੱਬ ਸੀਰੀਜ਼ ‘ਸਿਟਾਡੇਲ’ ਲਈ ਸੀਰੀਜ਼ ’ਚ ਕੰਮ ਕਰਨ ਵਾਲੇ ਪੁਰਸ਼ ਸਹਿ ਕਲਾਕਾਰ ਦੇ ਬਰਾਬਰ ਫੀਸ ਅਦਾ ਕੀਤੀ ਗਈ ਹੈ। ਅਦਾਕਾਰਾ ਨੇ ਦੱਸਿਆ ਕਿ ਸਿਨੇ ਜਗਤ ਵਿੱਚ ਕੰਮ ਕਰਦਿਆਂ ਉਸ ਨੂੰ ਲਗਪਗ ਦੋ ਦਹਾਕਿਆਂ ਤੋਂ ਵੱਧ ਸਮਾਂ ਹੋ ਗਿਆ ਹੈ ਤੇ ਇਹ ਪਹਿਲੀ ਵਾਰ ਹੈ ਜਦੋਂ ਉਸ ਨੂੰ ਪ੍ਰਾਜੈਕਟ ਵਿੱਚ ਕੰਮ ਕਰਨ ਵਾਲੇ ਪੁਰਸ਼ ਅਦਾਕਾਰ ਦੇ ਬਰਾਬਰ ਪੈਸਿਆਂ ਦਾ ਭੁਗਤਾਨ ਕੀਤਾ ਗਿਆ ਹੈ। ਜਾਸੂਸੀ ਸੀਰੀਜ਼ ‘ਸਿਟਾਡੇਲ’ 28 ਅਪਰੈਲ ਨੂੰ ਸ਼ੁਰੂ ਹੋਵੇਗੀ। ਇਸ ਸੀਰੀਜ਼ ਦਾ ਨਿਰਮਾਣ ਰੂਸੋ ਬ੍ਰਦਰਜ਼ ਦੇ ਏਜੀਬੀਓ ਤੇ ਸ਼ੋਅਨਰਜ਼ ਡੇਵਿਡ ਵੇਈਲ ਵੱਲੋਂ ਕੀਤਾ ਜਾ ਰਿਹਾ। ਇਸ ਸੀਰੀਜ਼ ਵਿੱਚ ਪ੍ਰਿਯੰਕਾ ‘ਗੇਮ ਆਫ਼ ਥ੍ਰੋਨਜ਼’ ਦੇ ਅਦਾਕਾਰ ਰਿਚਰਡ ਮੇਡਨ ਦੇ ਨਾਲ ਨਾਦੀਆ ਸਿਨ ਦਾ ਕਿਰਦਾਰ ਨਿਭਾਅ ਰਹੀ ਹੈ। ਪ੍ਰਿਅੰਕਾ ਨੇ ਕਿਹਾ, ‘ਮੈਂ ਸਿਨੇ ਜਗਤ ਵਿੱਚ ਪਿਛਲੇ 22 ਸਾਲਾਂ ਤੋਂ ਕੰਮ ਕਰ ਰਹੀ ਹਾਂ। ਮੈਂ ਹੁਣ ਤੱਕ




70 ਤੋਂ ਵੱਧ ਫਿਲਮਾਂ ਤੇ ਦੋ ਟੀਵੀ ਸ਼ੋਅ ਕੀਤੇ ਹਨ। ਸਿਟਾਡੇਲ’ ਵਿੱਚ ਪਹਿਲੀ ਵਾਰ ਮੈਨੂੰ ਸੀਰੀਜ਼ ਦੇ ਪੁਰਸ਼ ਕਲਾਕਾਰਾਂ ਦੇ ਬਰਾਬਰ ਫੀਸ ਅਦਾ ਕੀਤੀ ਗਈ ਹੈ।”

# ‘ਗੁਲਾਮ’ ਦੀ ਸ਼ੂਟਿੰਗ ਦੌਰਾਨ ਆਮਿਰ ਨੇ ਬੁਖ਼ਾਰ ਵਿੱਚ ਵੀ ਕੰਮ ਕੀਤਾ: ਰਾਣੀ ਮੁਖਰਜੀ



ਮੁੰਬਈ: ਅਦਾਕਾਰਾ ਰਾਣੀ ਮੁਖਰਜੀ ਨੇ ਫਿਲਮ ‘ਗੁਲਾਮ’ ਦੀ ਸ਼ੂਟਿੰਗ ਮੌਕੇ ਦੀਆਂ ਯਾਦਾਂ ਤਾਜ਼ਾ ਕਰਦਿਆਂ ਦੱਸਿਆ ਕਿ ਸ਼ੂਟਿੰਗ ਦੌਰਾਨ ਅਦਾਕਾਰ ਆਮਿਰ ਖ਼ਾਨ ਨੂੰ ਬਹੁਤ ਤੇਜ਼ ਬੁਖ਼ਾਰ ਸੀ, ਪਰ ਇਸ ਦੇ ਬਾਵਜੂਦ ਆਮਿਰ ਨੇ ਬਿਨਾਂ ਛੁੱਟੀ ਲਿਆਂ ਲਗਾਤਾਰ ਕੰਮ ਕੀਤਾ। ਰਾਣੀ ਨੇ ਦੱਸਿਆ ਕਿ ਕੰਮ ਪ੍ਰਤੀ ਆਮਿਰ ਦੀ ਇਸ ਸ਼ਿੱਦਤ ਨੇ ਉਸ ਨੂੰ ਬਹੁਤ ਪ੍ਰਭਾਵਿਤ ਕੀਤਾ। ਜ਼ਿਕਰਯੋਗ ਹੈ ਕਿ ਅਦਾਕਾਰਾ ਰਿਐਲਿਟੀ ਸ਼ੋਅ ‘ਇੰਡੀਅਨ ਆਇਡਲ-13’ ਵਿੱਚ ਮਹਿਮਾਨ ਜੱਜ ਵਜੋਂ ਸ਼ਾਮਲ ਹੋਈ ਸੀ। ਇਸ ਦੌਰਾਨ ਸ਼ੋਅ ਦੀ ਇੱਕ ਪ੍ਰਤੀਯੋਗੀ ਸੇਨਜੁਤੀ ਦਾਸ ਨੇ 1998 ਵਿੱਚ ਆਈ ਵਿਕਰਮ ਭੱਟ ਦੀ ਫਿਲਮ ‘ਗੁਲਾਮ’ ਦਾ ਗੀਤ ‘ਜਾਦੂ ਹੈ ਤੇਰਾ’ ਗਾਇਆ। ਇਹ ਗੀਤ ਸੁਣਨ ਮਗਰੋਂ ਅਦਾਕਾਰਾ ਨੇ ਹਿਮਾਚਲ ਪ੍ਰਦੇਸ਼ ਦੇ ਮਨਾਲੀ ਵਿੱਚ ਹੋਈ ਇਸ ਫਿਲਮ ਦੀ ਸ਼ੂਟਿੰਗ ਦਾ ਜ਼ਿਕਰ ਕੀਤਾ। ਸੇਨਜੁਤੀ ਨੂੰ ਰਾਣੀ ਨੇ ਦੱਸਿਆ, ‘ਜਦੋਂ ਤੁਸੀਂ ਗੀਤ ਗਾਉਣਾ ਸ਼ੁਰੂ ਕੀਤਾ ਤਾਂ ਮੈਂ ਇਕਦਮ ਉਸ ਸਮੇਂ ਵਿੱਚ ਚਲੀ ਗਈ। ਜਦੋਂ ਮੈਂ ਗੁਲਾਮ ਦੀ ਸ਼ੂਟਿੰਗ ਆਰੰਭੀ ਸੀ ਤਾਂ ਮੈਂ ਸਿਰਫ਼ 17 ਵਰ੍ਹਿਆਂ ਦੀ ਸੀ। ਮੇਰੇ ਸਹਿ ਕਲਾਕਾਰ ਭਾਰਤ ਦੇ ਸਭ ਤੋਂ ਬਿਹਤਰੀਨ ਕਲਾਕਾਰਾਂ ਵਿੱਚ ਇੱਕ ਆਮਿਰ ਖ਼ਾਨ ਸਨ। ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਮਨਾਲੀ ਵਿੱਚ ਹੋਈ ਇਸ ਗੀਤ ਦੀ ਸ਼ੂਟਿੰਗ ਮੌਕੇ ਆਮਿਰ ਨੂੰ ਬਹੁਤ ਤੇਜ਼ ਬੁਖ਼ਾਰ ਸੀ। ਉਦੋਂ ਮੈਂ ਵੇਖਿਆ ਕਿ ਕਿਵੇਂ ਇੱਕ ਕਲਾਕਾਰ ਆਪਣੀ ਪੂਰੀ ਸ਼ਿੱਦਤ ਨਾਲ ਬੁਖ਼ਾਰ ਵਿੱਚ ਵੀ ਆਪਣੇ ਕੰਮ ਨੂੰ ਪਹਿਲ ਦਿੰਦਾ ਹੈ।

# 5 CORNERS FURNITURE
## & MATTRESS GALLERY
# 5 ਕੌਰਨਰ ਫਰਨੀਚਰ ਐਬਟਸਫੋਰਡ




## ਸੁੰਦਰ, ਮਜ਼ਬੂਤ ਤੇ ਹੰਢਣਸਾਰ, ਲਾਜਵਾਬ ਫਰਨੀਚਰ ਖਰੀਦਣ ਲਈ ਸਾਡੇ ਸਟੋਰ ਤੇ ਦਰਸ਼ਨ ਦਿਓ।



**All Lift Chairs & Recliners**
Including Leather

**50% OFF***
*All regular prices



**7 Piece Deluxe Dining Set**
96" Glass Table Top, 6 Chairs

**SALE $2199** Reg. $4999



**Full Size Sofa Bed**
with Double Spring Mattress
Made in Canada

**SALE $999** Reg. $2499
Available in two colours





By Ashley Furniture
**Power Reclining**
Sofa
**$1899** Reg $3999

**Sofa and Loveseat**
Available in three colours
**SALE $899** Reg. $2199

**Loveseat**
**SALE $1899** Reg $3999

**Chair**
**SALE $1499** Reg $2799

**EVERYTHING IN-STORE UP TO 70% OFF***
*All regular prices

**STOP BEFORE YOU BUY, SEE US!**

Affordable, quality home furniture such as bedroom sets, mattresses, dining sets, sofas, recliners, TV units, children's furniture, lamps, accessories, and more. We carry a wide selection of furniture manufactured in Canada. Exclusive dealer of Best Home Furnishings!

FIVE CORNERS FURNITURE
& MATTRESS GALLERY

Open Monday to Saturday 10 am - 7 pm • Sunday 11 am - 6 pm
604-743-2000 • Unit 13-33550 South Fraser Way
(lower back parking lot, behind Roseland Restaurant)
www.fcfm.ca

Serta Sealy SIMMONS

basant motors




CAR DEALERSHIP • AUTOMOTIVE SERVICES • FINANCIAL SERVICES

At Basant Motors, we value each and every customer's experience. We are one of the most unique and largest pre-owned dealerships in BC. With 25 successful years in the automotive industry, we look forward to serving the community for generations to come.

- Diverse huge inventory
- On-Site Service Department
- Basant Rewards Program
- Lifetime Engine Warranties

www.basantmotors.com
604.572.7880
16315 Fraser Hwy, Surrey, BC V4N 0G1



ESSEX Collision Services Ltd. ਐਸੈਕਸ ਕੋਲੀਜ਼ਨ ਸਰਵਿਸਜ਼ ਲਿਮ.



ICBC c.a.r. shop VALET
Accredited Collision Repairs & Valet Service

Chassis Straightening-Fibreglass Repair- Pin Striping-Color Matching-Domestic & Foreign-Welding Expert Framework using the latest technology.




Moe Vilkhu


Mukhtiar S Nijjar

www.essexcollision.com / E-mail:service@essexcollision.ca
Unit 105-12921-84 Ave Street
604-591-8242/778-999-8242
ICBC & Private Claims Accepted
Hi-Tech Computerized Down-Draft Spray Booth-Custom Body Work-Custom Paint & Exact Color Matching Base Coat Clear Coat-Complete Collision Repair Specialists- Free Pick-Up & Drop Off Service
All technicians fully Certified. Quality service at affordable prices. Call us Today!



SB SATBIR BHULLAR
Satbir Bhullar
"Smart Mortgage Solutions"

DOMINION LENDING CENTRES



ਤੁਹਾਡੇ ਕਿਸੇ ਵੀ ਮੋਰਗੇਜ਼ ਸਬੰਧੀ ਪ੍ਰਸ਼ਨਾਂ ਦੇ ਹੱਲ ਲਈ ਅੱਜ ਹੀ ਕਾਲ ਕਰੋ ਜਾਂ ਮਿਲੋ ਤੁਹਾਡੇ ਆਪਣੇ ਮੋਰਗੇਜ਼ ਸਪੈਸ਼ਲਿਸਟ ਸਤਬੀਰ ਭੁੱਲਰ ਨੂੰ।



satbir@satbirbhullar.ca/www.satbirbhullar.ca
Tel: 604-751-1447
# 3-32056 S Fraser Way, Abbotsford, BC V2T 1V7
Satbir Bhullar
Mortgage Specialist



# ਬੀ ਸੀ ਸਰਕਾਰ ਜੀਵਨ ਨੂੰ ਬਿਹਤਰ ਬਣਾਉਣ ਵਿੱਚ ਮਦਦ ਕਰ ਰਹੀ ਹੈ।

**ਰਲ਼ ਕੇ ਅਸੀਂ ਹੋਰ ਮਜ਼ਬੂਤ ਬੀ.ਸੀ.** (StrongerBC) **ਦੇ ਨਿਰਮਾਣ ਲਈ ਕੰਮ ਕਰ ਰਹੇ ਹਾਂ।**

ਬੱਜਟ 2023 ਵਿੱਚ ਲੋਕਾਂ ਦੀ ਸਹਾਇਤਾ ਲਈ ਨਵੇਂ ਨਿਵੇਸ਼ ਸ਼ਾਮਲ ਹਨ:

- ਲੋੜੀਂਦੇ ਡਾਕਟਰਾਂ ਅਤੇ ਨਰਸਾਂ ਨੂੰ ਸਿਖਲਾਈ ਦੇ ਕੇ ਅਤੇ ਉਹਨਾਂ ਨੂੰ ਕੰਮ 'ਤੇ ਬਰਕਰਾਰ ਰੱਖ ਕੇ ਸਿਹਤ ਸੰਭਾਲ ਤੱਕ ਪਹੁੰਚ ਵਿੱਚ ਸੁਧਾਰ ਕਰਨਾ
- ਕਿਰਾਏਦਾਰਾਂ, ਬਜ਼ੁਰਗਾਂ, ਵਿਦਿਆਰਥੀਆਂ ਅਤੇ ਮੱਧ-ਆਮਦਨ ਵਾਲੇ ਪਰਿਵਾਰਾਂ ਲਈ ਹੋਰ ਘਰਾਂ ਦਾ ਨਿਰਮਾਣ ਕਰਨਾ
- ਨਵੇਂ ਗਰੈਜੂਏਟ ਹੋਏ ਅਤੇ ਨੌਕਰੀਆਂ ਬਦਲਣ ਵਾਲੇ ਲੋਕਾਂ ਲਈ ਸਿਖਲਾਈ ਦੇ ਮੌਕਿਆਂ ਦਾ ਵਿਸਤਾਰ ਕਰਨਾ

## ਜਾਣੋ ਕਿ ਅਸੀਂ ਤੁਹਾਡੇ ਲਈ ਕਿਵੇਂ ਕੰਮ ਕਰ ਰਹੇ ਹਾਂ।



> StrongerBC.ca
'ਤੇ ਹੋਰ ਜਾਣੋ।

BRITISH COLUMBIA StrongerBC


WEEKEND ONLY AT ABBOTSFORD LOCATION
RED ONIONS ਲਾਲ ਗੰਢੇ 13.49
YELLOW ONIONS ਪੀਲੇ ਗੰਢੇ 13.49
US RAPINI ਸਾਗ 2.99 EA.
CUCUMBERS ਖੀਰੇ 1.49 EA.
Ria MONEY TRANSFER ਇੰਡੀਆ ਪੈਸੇ ਭੇਜਣ ਲਈ ਸੰਪਰਕ ਕਰੋ:
SUNFARM ABBOTSFORD
PRODUCE | GROCERY | UTENSIL
Bell Peppers (Green/Red/Yellow) BEST PRICE 1.99 LB.
Spinach BEST PRICE 1.79 EA.
Potatoes BEST PRICE 3.99
Gagan Mustard Oil BEST PRICE 6.99
RIGHT FROM JALANDHAR'S FAMOUS LOVELY SWEETS
Desi Ghee Cookies 2 FOR .99
Tata Agni Tea BEST PRICE 9.99 1 KG.
Indian Peanuts BEST PRICE 5.99
Guruji Punjabi Shakkar & Gur BEST PRICE 3.99 EA.
Weekly SPECIAL ITEMS!
HOME MADE PICKLE 10.99
MANGO GINGER CHILLI MIXED LEMON
MAGGIE NOODLES 1.29 1.99
SUPER SPECIAL Indian Carrots BEST PRICE 5.99 LB.
SUPER SPECIAL QUILLA BASMATI RICE BEST PRICE 14.99
Roma Tomatoes BEST PRICE 1.29 LB.
Cucumbers BEST PRICE 1.49 EA.
Local Apples BEST PRICE 1.49 LB.
Parliament Rozana Basmati BEST PRICE 8.99
Cardamom BEST PRICE 15.99
Noor Basmati Rice BEST PRICE 11.99
PRICES VALID FROM MARCH 10 (FRIDAY) TO MARCH 15 (WEDNESDAY), 2023
Tops Gold Pickle BEST PRICE 4.99
BC DIAKONS WITH LEAVES BEST PRICE 1.99 EA.
Jumbo Oranges BEST PRICE 1.79 LB.
Tata Premium Tea BEST PRICE 8.99
Capri Canola Oil BEST PRICE 4.99
Gagan Desi Ghee BEST PRICE 26.99
Bikano Suji Rusk BEST PRICE 3.99 EA.
Shan Mango Pickle BEST PRICE 3.99 EA.
UNIT 108 3670 TOWNLINE ROAD, ABBOTSFORD
(IN WESTERN COMMUNITY COLLEGE PLAZA)
604-556-8964